Price : Rs. 4.00

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-19 ਨੰਬਰ-47

28 ਪੋਹ ਤੋਂ 5 ਮਾਘ 2068 - 12 to 18 Jan. 2012 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 196

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸਾਕਾ ਮਲੇਰਕੋਟਲਾ

ਮਲੇਰਕੋਟਲੇ ਦੇ ਸਾਕੇ ਸਮੇਂ ਜਦੋਂ ਇੱਕ ਸਿੰਘ ਤੋਪ ਨਾਲ ਉੱਡ ਜਾਂਦਾ, ਤਾਂ ਦੂਜਾ ਕਹਿੰਦਾ, "ਉਏ ਬਿੱਲਿਆ, ਛੇਤੀ ਕਰ, ਮੇਰਾ ਸਾਥ ਜਾਂਦਾ ਹੈ।" -ਬਗੈਰ ਫੜਨ ਦੇ, ਬਗੈਰ ਬੰਨਣ ਦੇ ਸਿੰਘ ਸ਼ਹੀਦ ਹੋਏ।





ਦੇਸ਼ ਕੌਮ ਅਤੇ ਗਊ ਗਰੀਬ ਦੀ ਰਾਖੀ ਲਈ ਮਲੇਰਕੋਟਲਾ ਵਿਖੇ 17-18 ਜਨਵਰੀ 1872 ਈ. ਨੂੰ 66 ਨਾਮਧਾਰੀ ਸ਼ਹੀਦ ਸਿੰਘਾਂ ਨੇ ਤੋਪਾਂ ਸਾਹਮਣੇ ਆ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਏਥੇ ਬਣੇ ਸ਼ਹੀਦਾਂ ਦੀ ਯਾਦ ਨੂੰ ਦਰਸਾਉਂਦਾ 66 ਮੋਰੀਆਂ ਵਾਲਾ ਖੰਡਾ ਅਤੇ ਤੋਪਾਂ।

## ਮਲੇਰਕੋਟਲਾ ਸਾਕੇ ਦੇ ਅਣਲਿਖੇ ਪੱਤਰੇ

ਦੇਵਿੰਦਰ ਸਿੰਘ ਗਿੱਲ, ਜੀਆ ਨੱਥਾ

ਮਲੇਰਕੋਟਲੇ ਦਾ ਸਾਕਾ, ਮਾਨਧਾਰੀ ਇਤਿਹਾਸ ਦਾ ਲਹੂ ਭਿੱਜਾ ਪੱਤਰਾ ਹੈ, ਜਿਸ ਵਿੱਚ ੬੬ ਨਾਮਧਾਰੀ ਸਿੰਘ ਤੋਪਾਂ ਅੱਗੇ ਛਾਤੀਆਂ ਤਾਣ ਜਾਮੇ ਸ਼ਹਾਦਤ ਪੀ ਗਏ ਅਤੇ ਗਊ-ਗਰੀਬ ਦੀ ਰੱਖਿਆ ਕਰਨ ਦੀ ਇਤਿਹਾਸ ਵਿੱਚ ਨਵੀਂ ਪਿਰਤ ਪਾ ਗਏ ਸਨ। ਨਾਮਧਾਰੀ ਇਤਿਹਾਸ ਤੋਂ ਅਨਜਾਣ ਬਹੁਤ ਸਾਰੇ ਲਿਖਾਰੀਆਂ ਨੇ ਲਿਖਿਆ ਹੈ ਕਿ "ਮਸਤਾਨੇ ਸਿੰਘਾਂ ਦਾ ਇੱਕ ਗਰੁੱਪ ਸੀ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਤੋਂ ਆਕੀ ਹੋ ਗਿਆ ਸੀ" ਪਰੰਤੂ ਇਹ ਉਹਨਾਂ ਦੀ ਬਹੁਤ ਵੱਡੀ ਭੁੱਲ ਹੈ। ਐਸਾ ਜੋ ਉਹ ਲਿਖਦੇ ਹਨ, ਇਹ ਉਹਨਾਂ ਦੀ ਬਹੁਤ ਵੱਡੀ ਗਲਤੀ ਹੈ।

ਭਾਵੇਂ ਮਲੇਰਕੋਟਲੇ ਦੇ ਸਾਕੇ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਸਦਕਾ ਸੰਤ ਨਿਧਾਨ ਸਿੰਘ ਆਲਿਮ ਦੀ 'ਜੁਗ ਪਲਟਾਊ ਸਤਿਗੁਰੂ' ਅਤੇ ਡਾ. ਨਾਹਰ ਸਿੰਘ ਦੀ 'ਨਾਮਧਾਰੀ ਇਤਿਹਾਸ-ਪਹਿਲਾ ਹਿੱਸਾ' ਪੁਸਤਕ ਪਾਠਕਾਂ ਦੇ ਹੱਥਾਂ ਵਿੱਚ ਆਈਆਂ, ਜਿਹਨਾਂ ਨਾਮਧਾਰੀ ਇਤਿਹਾਸ ਖਾਸ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੀ ਅਦਭੁਤ ਸ਼ਖਸੀਅਤ ਦੇ ਹਰ ਪੱਖ ਤੇ ਖੋਜ ਭਰਪੂਰ ਵਿਚਾਰ ਕੀਤੀ ਹੈ ਪਰੰਤੂ ਫਿਰ ਵੀ ਮਲੇਰਕੋਟਲੇ ਦੇ ਸਾਕੇ ਬਾਰੇ ਅਜੇ ਤੱਕ ਕਾਫੀ ਖੋਜ ਕਰਨ ਦੀ ਲੋੜ ਹੈ। ਮਲੇਰਕੋਟਲੇ ਦੇ ਸਾਕੇ ਵਿੱਚ 66 ਨਾਮਧਾਰੀ ਤੋਪਾਂ ਨਾਲ ਸ਼ਹੀਦ ਹੋਏ ਸਨ ਪਰੰਤੂ ਜਾਮੇ ਸ਼ਹਾਦਤ ਪੀਣ ਤੋਂ ਬਾਅਦ ਉਹਨਾਂ ਦੇ ਪਵਿੱਤਰ ਸਰੀਰਾਂ ਦਾ ਸਸਕਾਰ ਕਿਸ ਨੇ ਕੀਤਾ, ਕੀਤਾ ਸੀ ਕਿ ਨਹੀਂ? ਇਸ ਪੱਖ ਨੂੰ ਕਿਸੇ ਵਿਦਵਾਨ ਲਿਖਾਰੀ ਨੇ ਉਜਾਗਰ ਨਹੀਂ ਕੀਤਾ। ਇਹ ਤਾਂ ਨਾਮਧਾਰੀ ਇਤਿਹਾਸ ਦੇ ਅਣਲਿਖੇ ਪੱਤਰੇ ਹੀ ਹਨ।

(ਬਾਕੀ ਸਫਾ 2 'ਤੇ)

## ਪ੍ਰਦੇਸ ਗਵਨ ਸਮੇਂ ਸ੍ਰੀ ਭੈਣੀ ਸਾਹਿਬ ਵਿੱਚ

ਆਤਮਾ ਸਿੰਘ ਸਨਖਤ੍ਰਾ

ਏਧਰ ਸੱਚੇ ਪਾਤਸ਼ਾਹ ਪ੍ਰਦੇਸ ਗਵਨ ਦੀ ਤਿਆਰੀ ਕਰ ਰਹੇ ਸਨ ਤੇ ਸਾਰੀ ਸਾਧ ਸੰਗਤ ਵੈਰਾਗੀ ਹਾਲਤ ਵਿੱਚ ਲੋਟ-ਪੋਟ ਹੋ ਰਹੀ ਸੀ। ਇਤਨੇ ਨੂੰ ਇਕਦਮ ਸ੍ਰੀ ਸਤਿਗੁਰੂ ਜੀ ਦੇ ਭਰਥ ਸਮਾਨ ਭਰਾਤਾ ਮਹਾਰਾਜ ਬੁੱਧ ਸਿੰਘ ਜੀ ਹੱਥ ਜੋੜ ਕੇ ਗੁਰੂ ਜੀ ਦੇ ਸਾਹਮਣੇ ਖਲੋ ਅਰਜ਼ ਕਰਨ ਲੱਗੇ ਕਿ ਪਾਤਸ਼ਾਹ ਆਪ ਜੀ ਦੇ ਥਾਂ ਮੈਂ ਲੁਧਿਆਣੇ ਜਾਂਦਾ ਹਾਂ, ਅੰਗ੍ਰੇਜ਼ੀ ਸਰਕਾਰ ਜੋ ਵੀ ਦੋਸ਼ ਲਾਵੇਗੀ, ਮੈਂ ਇਕਬਾਲ ਕਰਾਂਗਾ। ਜਿੱਥੇ ਭੇਜੇਗੀ ਉਥੇ ਜਾਵਾਂਗਾ, ਜੋ ਸਜ਼ਾ ਦੇਵੇਗੀ, ਖਿੜੇ ਮੱਥੇ ਪ੍ਰਵਾਨ ਕਰਾਂਗਾ ਪਰ ਆਪ ਜੀ ਲੁਧਿਆਣੇ ਨਾ ਜਾਵੋ। ਸਤਿਗੁਰੂ ਜੀ ਤੁਸੀਂ ਸੰਗਤ ਦੀ ਸੰਭਾਲ ਕਰੋ।

**ਸਤਿਗੁਰੂ ਹਰੀ ਸਿੰਘ ਜੀ ਨੂੰ ਉਪਦੇਸ਼ ਅਤੇ ਗੁਰਤ੍ਵ ਸੌਂਪਣਾ-**

ਦੋਹਾਂ ਭਰਾਵਾਂ ਦਾ ਇਹ ਮਿਲਾਪ ਤ੍ਰੇਤੇ ਦੇ ਅਵਤਾਰ ਭਗਵਾਨ ਰਾਮ ਤੇ ਭਰਥ ਦੇ ਸਰਜੂ ਨਦੀ ਕਿਨਾਰੇ ਵਾਲੇ ਮਿਲਾਪ ਨੂੰ ਮੂਰਤੀਮਾਨ ਕਰ ਰਿਹਾ ਸੀ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, ਭਾਈ ਬੁੱਧ ਸਿੰਘ ਪ੍ਰਦੇਸ ਜਾਣ ਦਾ ਹੁਕਮ ਇਨ੍ਹਾਂ ਅੰਗ੍ਰੇਜ਼ਾਂ ਨੇ ਕੀ ਲਾਣਾ ਹੈ। ਸ੍ਰੀ ਨਾਨਕ ਰਾਜ ਦੇ ਸੰਚਾਲਕ ਸਤਿਗੁਰੂ ਨਾਨਕ ਦੇਵ ਜੀ ਤੇ ਦਸਵੇਂ ਤਖਤ ਨਸ਼ੀਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੇਰੇ ਵਾਸਤੇ ਇਹ ਹੁਕਮ ਪਹਿਲਾਂ ਹੀ ਦੇ ਰੱਖਿਆ ਹੈ, ਇਸ ਵਾਸਤੇ ਉਸ ਹੁਕਮ ਦੀ ਪਾਲਣਾ ਮੈਂ ਹੀ ਕਰਨੀ ਹੈ, ਮੇਰੇ ਥਾਂ ਇਸ ਹੁਕਮ ਦੀ ਪੂਰਤੀ ਹੋਰ ਕੋਈ ਨਹੀਂ ਕਰ ਸਕਦਾ। ਸੰਗਤ ਦੀ ਸੰਭਾਲ ਹੁਣ ਤੁਸਾਂ ਹੀ ਕਰਨੀ ਹੈ।

(ਬਾਕੀ ਸਫਾ 7 'ਤੇ)

## ਸ਼ਹੀਦਾਂ ਨੂੰ ਮਰਨ ਦਾ ਚਾਅ ਸੀ

ਜਿਸ ਵੇਲੇ ਕੋਈ ਤੋਪ ਨਾਲ ਉਡਦਾ ਸੀ, ਉਸ ਨੂੰ ਦਿੱਸਦਾ ਸੀ ਕਿ ਅੱਗੇ ਸਤਿਗੁਰੂ ਰਾਮ ਸਿੰਘ ਦਾ ਦਰਬਾਰ ਏ, ਓਥੇ ਪਹੁੰਚਣਾ ਹੈ। ਉਹਨਾਂ ਕੋਲ ਸਭ ਤੋਂ ਵੱਡਾ ਧਨ ਸੀ ਨਾਮ ਦਾ, ਇਸ ਕਰਕੇ ਅਸੀਂ ਸਭ ਤੋਂ ਉਚੇ ਅਹੁਦੇ ਤੇ ਬੈਠ ਜਾਣੈ, ਐਸ ਸੰਸਾਰ ਤੋਂ ਜਾਣ ਤੋਂ ਬਾਅਦ। ਉਹਨਾਂ ਨੂੰ ਇਸ ਸੰਸਾਰ ਤੋਂ ਜਾਣ ਦਾ ਚਾਅ ਚੜ੍ਹਿਆ ਹੋਇਆ ਸੀ।

-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

# ਮਲੇਰਕੋਟਲੇ ਸਾਕੇ ਦੇ ਅਣਲਿਖੇ ਪੱਤਰੇ..(ਬਾਕੀ ਸਫਾ 1 ਦੀ)

ਇਤਿਹਾਸ ਗਵਾਹ ਹੈ ਕਿ ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਸਰੀਰ ਦਾ ਸਸਕਾਰ ਕਰਵਾਇਆ ਸੀ। ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਦੇ ਸਰੀਰ ਦਾ ਸਸਕਾਰ ਭਾਈ ਲੱਖੀ ਸ਼ਾਹ ਵਣਜਾਰੇ ਨੇ ਕੀਤਾ ਸੀ ਅਤੇ ਦਿੱਲੀ ਤੋਂ ਸਤਿਗੁਰਾਂ ਦੇ ਸੀਸ ਨੂੰ ਭਾਈ ਜੈਤਾ ਰੰਘਰੇਟਾ ਅਨੰਦਪੁਰ ਸਾਹਿਬ ਦਸਮ ਪਾਤਸ਼ਾਹ ਜੀ ਕੋਲ ਲੈ ਗਿਆ ਸੀ, ਜਿਥੇ ਉਹਨਾਂ ਦੇ ਸੀਸ ਦਾ ਸਸਕਾਰ ਕੀਤਾ ਗਿਆ। ਫਿਰ ਦਸਮ ਪਾਤਸ਼ਾਹ ਜੀ ਦੇ ਸਮੇਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਸਰਹੰਦ ਦੇ ਨਵਾਬ ਵਜ਼ੀਰ ਖਾਨ ਨੂੰ ਦੇ ਕੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਥਾਂ ਦੀ ਪ੍ਰਾਪਤੀ ਕੀਤੀ ਸੀ। ਦੂਜੇ ਪਾਸੇ ਚਮਕੌਰ ਦੀ ਗੜ੍ਹੀ ਵਿਚ ਚਾਲੀ ਸਿੰਘਾਂ ਸਮੇਤ ਦੋ ਵੱਡੇ ਸਾਹਿਬਜ਼ਾਦੇ 1705 ਈ. ਵਿਚ ਸ਼ਹੀਦ ਹੋ ਗਏ ਸਨ, ਤਾਂ ਦਸਮ ਪਾਤਸ਼ਾਹ ਜੀ ਰਾਤ ਦੇ ਹਨੇਰੇ ਵਿਚ ਮਾਛੀਵਾੜੇ ਵੱਲ ਚਲੇ ਗਏ ਸਨ। ਉਸ ਸਮੇਂ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਸ਼ਹੀਦ ਚਾਲੀ ਸਿੰਘਾਂ ਦੇ ਸਰੀਰਾਂ ਦਾ ਸਸਕਾਰ ਬੀਬੀ ਦੀਪ ਕੌਰ ਨੇ ਰਾਤ ਦੇ ਹਨੇਰੇ ਵਿਚ ਉਹਨਾਂ ਦੇ ਸਰੀਰਾਂ ਨੂੰ ਲੱਭ ਕੇ, ਇਕ ਥਾਂ ਇਕੱਠੇ ਕੀਤਾ ਸੀ। ਇਤਿਹਾਸ ਗਵਾਹ ਹੈ ਕਿ ਸ਼ਹੀਦਾਂ ਦੇ ਸਰੀਰਾਂ ਨੂੰ ਕਿਸੇ ਨਾ ਕਿਸੇ ਨੇ ਅਵੱਸ਼ ਸਾਂਭਿਆ ਅਤੇ ਸਨਮਾਨ ਸਹਿਤ ਉਹਨਾਂ ਦਾ ਸਸਕਾਰ ਕੀਤਾ ਜਾਂਦਾ ਰਿਹਾ ਹੈ ਪਰੰਤੂ ਮਲੇਰਕੋਟਲੇ ਦੇ ਸ਼ਹੀਦਾਂ ਦੇ ਸਸਕਾਰ ਬਾਰੇ ਕਿਸੇ ਨੇ ਵੀ ਅਜੇ ਤੱਕ ਮੁਕੰਮਲ ਖੋਜ ਨਹੀਂ ਕੀਤੀ। ਲੋੜ ਹੈ ਕਿ ਉਸ ਇਤਿਹਾਸ ਬਾਰੇ ਇਤਿਹਾਸਕ ਸਮਗਰੀ ਲੱਭੀ ਜਾਵੇ।

17 ਜਨਵਰੀ 1872 ਈ. ਨੂੰ ਜਦੋਂ ਮਲੇਰਕੋਟਲੇ ਦੇ ਰੱਕੜ ਵਿਚ ਤੋਪਾਂ ਦੀ ਭਰਮਾਰ ਹੋ ਰਹੀ ਸੀ ਅਤੇ ਸੱਤ ਤੋਪਾਂ ਸਤਿਗੁਰਾਂ ਦੇ ਲਾਡਲਿਆਂ ਨੂੰ ਸ਼ਹੀਦ ਕਰ ਰਹੀਆਂ ਸਨ, ਤਾਂ ਉਸ ਸਮੇਂ ਸਤਿਗੁਰੂ ਜੀ ਪਿੰਡ ਸਿਆੜ੍ਹ ਵਿਚ ਭਾਈ ਲਾਲ ਸਿੰਘ ਦੇ ਘਰ ਵਿਚ ਹਾਜ਼ਰ ਸਨ। ਸਤਿਗੁਰੂ ਜੀ ਦੇ ਹੁਕਮ ਨਾਲ ਭਾਈ ਲਾਲ ਸਿੰਘ ਜੱਟ ਦਾ ਭੇਸ ਬਣਾ ਕੇ ਘੋੜੇ ਤੇ ਸਵਾਰ ਹੋ ਕੇ ਮਲੇਰਕੋਟਲੇ ਆਇਆ ਸੀ ਅਤੇ ਸਾਰਾ ਸਾਕਾ ਉਸਨੇ ਆਪਣੀਆਂ ਅੱਖਾਂ ਨਾਲ ਵਾਪਰਦਾ ਤੱਕਿਆ ਸੀ। ਜਿਸਨੇ ਫਿਰ ਬਾਅਦ ਵਿਚ ਇਹ ਸਭ ਕੁਝ ਸਤਿਗੁਰੂ ਰਾਮ ਸਿੰਘ ਜੀ ਨੂੰ ਦੱਸਿਆ ਸੀ। ਬਿਸ਼ਨ ਸਿੰਘ ਹਿਸਟੋਰੀਅਨ ਪੁਸਤਕ 'ਅਣਖੀਲੇ ਮਸਤਾਨੇ' ਦੇ ਸਫਾ 95-96 ਤੇ ਇਸ ਪ੍ਰਕਾਰ ਲਿਖਦੇ ਹਨ-

*ਗੁਰੂ ਜੀ ਤੁਰੇ ਮਲੌਦ ਤੋਂ,*
*ਆਏ ਪਿੰਡ ਸਿਆੜ।*
*ਘਰ ਭਾਈ ਲਾਲ ਸਿੰਘ ਦੇ,*
*ਬੈਠੇ ਸਨ ਰਹੇ ਤਾੜ।*
*ਤੋਪਾਂ ਕੜਕੀਆਂ ਕੋਟਲੇ,*
*ਕਿਹਾ ਗੁਰੂ ਜੀ ਵਾਕ।*
*ਭਾਈ ਕਾਹਨ ਸਿੰਘ ਦੇਖ ਤੂੰ,*
*ਤੋਪਾਂ ਦਾ ਖੜਕਾਰ।*
*ਖਾਲੀ ਤੋਪਾਂ ਚਲਦੀਆਂ,*
*ਜਾਂ ਹਨ ਭਰਮਾਰ।*
*ਹੁੰਦੇ ਸਿੰਘ ਸ਼ਹੀਦ ਨੇ,*
*ਸੁਣਕੇ ਕਰੀਂ ਵਿਚਾਰ।*
*ਕਾਹਨ ਸਿੰਘ ਆਖੇ ਗੁਰੂ ਜੀ,*
*ਭਰਮੇ ਹੁੰਦੇ ਫੈਰ।*
*ਹੁੰਦੇ ਸਿੰਘ ਸ਼ਹੀਦ ਨੇ,*
*ਫੈਰ ਚਲਦੇ ਗੈਰ।*
*ਭਾਈ ਲਾਲ ਸਿੰਘ ਹੈ ਘਲਕੇ,*
*ਕਹਿੰਦੇ ਕੋਟਲਾ ਵੇਖ।*
*ਹੁੰਦੇ ਸਿੰਘ ਸ਼ਹੀਦ ਨੇ,*
*ਨਾਲ ਹੌਸਲਾ ਦੇਖ।*
*ਸ੍ਰੀ ਸਤਿਗੁਰੂ ਰਾਮ ਸਿੰਘ,*
*ਕੀਤਾ ਜਲ ਦੁਧ ਪਾਨ।*
*ਰੋਹੀ ਵਿਚ ਸਿਆੜ ਦੇ,*
*ਕੀਤਾ ਜਲ ਇਸ਼ਨਾਨ।*
*ਖੇਤ ਅਕਾਲ ਸਰ ਆਖਦੇ,*
*ਬੈਠੇ ਗੁਰੂ ਅਕੰਤ।*
*ਨਿਤਨੇਮ ਕਰ ਗੁਰੂ ਜੀ,*
*ਅਰਦਾਸਾ ਕੀਤਾ ਅੰਤ।*
*ਸਤਿਗੁਰੂ ਪਿੰਡ ਸਿਆੜ ਤੋਂ,*
*ਆਏ ਭੈਣੀ ਸਾਹਿਬ ਚਲ।*
*ਲਾਲ ਸਿੰਘ ਨੇ ਵੇਖਿਆ,*
*ਦਸੀ ਸੀ ਸਾਰੀ ਗਲ।*

ਭਾਈ ਲਾਲ ਸਿੰਘ ਨੇ ਜੋ 17 ਜਨਵਰੀ ਨੂੰ ਮਲੇਰਕੋਟਲੇ ਦੇ ਰੱਕੜ ਵਿਚ ਬੀਤਿਆ ਸੀ ਭਾਵ ਉਸ 50 ਸਿੰਘਾਂ ਦੇ ਸ਼ਹੀਦੀਆਂ ਪਾਉਣ ਦੇ ਅੱਖੀਂ ਡਿਠੇ ਹਾਲ ਸਤਿਗੁਰਾਂ ਨੂੰ ਦੱਸੇ ਸਨ। ਉਸ ਦਿਨ ਸੱਤ ਤੋਪਾਂ ਦੇ ਸੱਤ ਵਾਰ ਚੱਲਣ ਨਾਲ 49 ਸਿੰਘ ਸ਼ਹੀਦ ਹੋਏ ਸਨ। ਪੰਜਾਹਵਾਂ ਸ਼ਹੀਦ 12 ਸਾਲ ਦੀ ਉਮਰ ਦਾ ਬਿਸ਼ਨ ਸਿੰਘ ਸੀ, ਜਿਸਨੇ ਕਾਵਨ ਦੀ ਦਾੜ੍ਹੀ ਨੂੰ ਹੱਥਾਂ ਨਾਲ ਪਕੜ ਕੇ ਝੰਜੋੜਿਆ ਸੀ। ਉਸ ਬਾਲ ਸ਼ਹੀਦ ਨੂੰ ਨਾਭਾ ਰਿਆਸਤ ਦੇ ਸਿਪਾਹੀ ਹੀਰਾ ਨੰਦ ਬ੍ਰਾਹਮਣ ਨੇ ਤਲਵਾਰ ਨਾਲ ਸ਼ਹੀਦ ਕੀਤਾ ਸੀ। ਉਸ ਕੁਕਰਮ ਬਦਲੇ ਨਾਭਾ ਰਿਆਸਤ ਵਲੋਂ ਸਿਪਾਹੀ ਹੀਰਾ ਨੰਦ ਨੂੰ ਥਾਣੇਦਾਰ ਵਾਲੀ ਤਨਖਾਹ ਬਾਅਦ ਵਿਚ ਮਿਲਦੀ ਰਹੀ।

ਭਾਈ ਲਾਲ ਸਿੰਘ ਤੋਂ ਬਿਨਾਂ ਰਾਏਕੋਟ ਦੇ ਸ਼ਿਵਚਰਨ ਨੇ ਵੀ ਮਲੇਰਕੋਟਲੇ ਦੇ ਸਾਕੇ ਨੂੰ ਅੱਖੀਂ ਡਿੱਠਾ ਸੀ, ਜਿਸਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਬਿਆਨ ਲਿਖਵਾਇਆ ਸੀ ਜੋ ਨਵਾਂ ਹਿੰਦੋਸਤਾਨ ਅਖਬਾਰ ਦੇ ਆਜ਼ਾਦੀ ਐਡੀਸ਼ਨ 1962 ਈ. ਨੂੰ ਦਿੱਲੀ ਵਿਚ ਛਪਿਆ ਸੀ-

ਬਿਆਨ - ਮੈਂ ਕੋਟਲੇ ਦੀ ਧਰਤੀ ਵਿਚ ਸੀ। ਬਹੁਤ ਸਾਰੇ ਕੂਕੇ ਸ਼ਹੀਦ ਹੁੰਦੇ ਡਿਠੇ ਮੈਂ ਵਿਚ ਸਾਂ। ਮੈਂ ਕੱਲਾ ਨਹੀਂ ਬਹੁਤ ਸਾਰੇ ਪੰਜਾਬੀ ਅਫਸਰ ਕੋਟਲੇ ਲਿਆਂਦੇ ਗਏ। ਖਵਰੇ ਨਹੀਂ ਕਿਉਂ? ਇਹੋ ਹੀ ਹਾਲ ਹੋਵੇਗਾ ਜਿਹਨਾਂ ਵਿਚ ਦੋ ਬੱਚੇ ਸਨ। ਇਕ ਅਸਲੋਂ ਹੀ ਅਬੋਧ ਬਾਲ ਸੀ ਉਸ ਦਿਨ ਮਾਮੇ ਦੀ ਪਿੱਠ ਤੇ ਪਿਛੇ ਕੱਪੜੇ ਦੀ ਡੱਗੀ ਵਿਚ ਬੱਧਾ ਹੋਇਆ ਸੀ। ਅਸੀਂ ਬਹੁਤ ਸਾਰਾ ਜੋਰ ਲਾਇਆ ਕਿ ਬੱਚੇ ਨੂੰ ਨਾ ਮਾਰਿਆ ਜਾਵੇ ਪਰ ਉਸਨੂੰ ਤੋਪ ਨਾਲ ਸ਼ਹੀਦ ਕਰ ਦਿੱਤਾ ਗਿਆ। ਰੜ ਪਿੰਡ ਦੇ ਦੋ ਬੱਚੇ ਕਮਸਨ ਸ਼ਹੀਦ ਹੋਏ। ਦਸਤਖ਼ਤ -

ਡਾਕਟਰ ਸ਼ਿਵਚਰਨ ਰਾਇਕੋਟ


17 ਜਨਵਰੀ ਨੂੰ 50 ਸਿੰਘ ਸ਼ਹੀਦ ਹੋਏ ਸਨ, ਉਸ ਦਿਨ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਿੰਡ ਸਿਆੜ੍ਹ ਤੋਂ ਭੈਣੀ ਸਾਹਿਬ ਆਏ ਅਤੇ ਫਿਰ ਸਰਕਾਰੀ ਹੁਕਮ ਨਾਲ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਜੀ ਗੱਡੇ ਤੇ ਸਵਾਰ ਹੋ ਕੇ ਰਾਤ ਇਕ ਵਜੇ (18 ਜਨਵਰੀ ਅੰਮ੍ਰਿਤ ਵੇਲੇ) ਲੁਧਿਆਣੇ ਗਏ ਜਿਥੋਂ ਮਿਸਟਰ ਜੈਕਸਨ ਦੀ ਕਮਾਂਡ ਹੇਠ ਰੇਲ ਗੱਡੀ ਵਿਚ ਸੂਬਿਆਂ ਅਤੇ ਸੇਵਕ ਨਾਨੂੰ ਸਿੰਘ ਨਾਲ ਇਲਾਹਾਬਾਦ ਭੇਜ ਦਿੱਤਾ। 18 ਜਨਵਰੀ ਨੂੰ ਬਾਕੀ ਸੋਲ੍ਹਾਂ ਸਿੰਘ ਵੀ ਕਾਵਨ ਨੇ ਤੋਪਾਂ ਨਾਲ ਸ਼ਹੀਦ ਕਰ ਦਿੱਤੇ। ਸ਼ਹੀਦਾਂ ਦੇ ਸਰੀਰ ਟੁਕੜੇ ਟੁਕੜੇ ਹੋ ਚੁੱਕੇ ਸਨ। ਉਹਨਾਂ ਪਵਿੱਤਰ ਸਰੀਰਾਂ ਨੂੰ ਗਦੂ ਭੰਗੀ ਨੇ ਸੰਭਾਲਿਆ ਸੀ। ਜਿਸਨੇ ਦੋ ਖੂਹ ਪੁਟ ਕੇ ਸ਼ਹੀਦਾਂ ਦੇ ਸਰੀਰਾਂ ਦੇ ਟੁਕੜਿਆਂ ਨੂੰ ਦੋ ਖੂਹਾਂ ਵਿਚ ਸੁਟਕੇ ਉਪਰੋਂ ਮਿੱਟੀ ਪਾ ਦਿੱਤੀ ਸੀ। ਬਿਸ਼ਨ ਸਿੰਘ ਹਿਸਟੋਰੀਅਨ ਲਿਖਦੇ ਹਨ-

*ਸ਼ਹੀਦ ਸਿੰਘਾਂ ਦੇ ਖਿਲਰੇ ਸੀ,*

(ਬਾਕੀ ਸਫਾ 6 'ਤੇ)

# ਸਤਿਗੁਰੂ ਹਰੀ ਸਿੰਘ ਜੀ ਨੂੰ ਉਪਦੇਸ਼

✍ ਨਿਧਾਨ ਸਿੰਘ ਆਲਿਮ




17-18 ਜਨਵਰੀ 1872 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਜਾਣ ਸਮੇਂ ਛੋਟੇ ਭਰਾਤਾ ਭਾਈ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਨੂੰ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਣ ਦਾ ਉਪਦੇਸ਼ ਦਿੰਦੇ ਹੋਏ।

ਆਪ ਜੀ ਦੇ ਛੋਟੇ ਭਾਈ ਮਹਾਰਾਜ ਬੁੱਧ ਸਿੰਘ ਜੀ ਸਨ, ਜੋ ਪਿਛੋਂ ਹਜ਼ੂਰ ਦੀ ਆਗਿਆ ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਦੇ ਨਾਉਂ ਨਾਲ ਪ੍ਰਸਿੱਧ ਹੋਏ। ਉਨ੍ਹਾਂ ਦਾ ਚੀਨੀ ਵਾਲੇ ਪ੍ਰੀਤਮ ਦੇ ਚਰਨ ਕਮਲ ਨਾਲ ਅਗਾਧ ਪ੍ਰੇਮ ਸੀ। ਉਹ ਆਪ ਜੀ ਦਾ ਹੁਕਮ ਮੰਨ ਕੇ ਬਹੁਤ ਪ੍ਰਸੰਨ ਰਹਿੰਦੇ ਸਨ। ਹੁਣ "ਗੱਡੇ ਵਾਲੇ ਪ੍ਰੀਤਮ" ਜੀ ਉਹਨਾਂ ਵੱਲ ਤੱਕ ਕੇ ਬੋਲੇ :

**"ਭਾਈ ਬੁੱਧ ਸਿੰਘ ਜੀ! ਘਬਰਾਓ ਨਹੀਂ! ਅਕਾਲ ਪੁਰਖ ਜੀ ਦੀ ਆਗਯਾ ਐਸੀ ਹੀ ਹੈ, ਹਰ ਇਕ ਚੀਜ਼ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਹੁਣ ਅਸੀਂ ਉਸ ਸ਼ੈਅ ਦਾ ਮੁੱਲ ਅਦਾ ਕਰਨ ਲਈ ਤਿਆਰ ਹੋਏ ਹਾਂ, ਜਿਸ ਤੋਂ ਬਿਨਾਂ ਭਾਰਤ ਵਰਸ਼ ਅਤੇ ਮੇਰਾ ਪਿਆਰਾ ਪੰਜਾਬ ਦਾਸਤਾਂ ਦੇ ਬੰਧਨਾਂ ਵਿਚ ਬੇਵੱਸ ਹੋ ਕੇ ਜਕੜੇ ਪਏ ਹਨ, ਇਨ੍ਹਾਂ ਬੰਧਨਾਂ ਨੂੰ ਤੋੜਨ ਵਾਲੀ ਸੁਤੰਤਰਤਾ ਦੀ ਰੂਹ ਹੁਣ ਦੇਸ਼ ਵਾਸੀਆਂ ਅੰਦਰ ਫੂਕੀ ਜਾ ਚੁੱਕੀ ਹੈ। ਮੈਂ ਅਜੇਹੀ ਮਸ਼ਾਲ ਬਾਲ ਦਿੱਤੀ ਹੈ, ਜੋ ਹੁਣ ਫੂਕਾਂ ਮਾਰਿਆਂ ਨਹੀਂ ਬੁਝ ਸਕਦੀ। ਦੇਸ਼ ਦੀ ਸੇਵਾ ਬਦਲੇ ਮੈਂ ਹਰ ਕਸ਼ਟ ਦਾ ਦਿਲੋਂ ਸੁਆਗਤ ਕਰਾਂਗਾ। ਤੁਹਾਡੇ ਸਾਹਮਣੇ ਸਿੰਘ ਤੋਪਾਂ ਅਗੇ ਉਡੇ ਤੇ ਫਾਂਸੀਆਂ ਤੇ ਲਟਕ ਚੁੱਕੇ ਸਨ। ਅੱਗੋਂ ਨੂੰ ਪਤਾ ਨਹੀਂ ਕੀ ਹੋਣਾ ਹੈ। ਮੈਂ ਚੱਲਿਆ ਹਾਂ। ਹੋ ਸਕਦਾ ਹੈ ਮੇਰੇ ਤੁਰ ਜਾਣ ਪਿਛੋਂ ਪੰਥ ਤੇ ਮੁਸੀਬਤਾਂ ਦੇ ਝੱਖੜ ਝੁਲਣ, ਪਰ ਤੁਸਾਂ ਦ੍ਰਿੜ੍ਹ ਚਿਤ ਰਹਿਣਾ ਸੰਗਤ ਨੂੰ ਧੀਰਜ ਦੇ ਕੇ ਪੰਥ ਅਤੇ ਦੇਸ਼ ਦੀ ਸੇਵਾ ਵਿਚ ਲਾਈ ਰੱਖਣਾ।"**

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਡਡੋਲਿੱਕਿਆਂ ਹੋ ਕੇ ਅਧੀਨਗੀ ਨਾਲ ਬੇਨਤੀ ਕੀਤੀ-"ਪਾਤਸ਼ਾਹ! ਆਪ ਏਥੇ ਰਹੋ ਤੇ ਦਾਸ ਨੂੰ ਹੁਕਮ ਦੇਵੋ ਏਨ੍ਹਾਂ ਦੇ ਨਾਲ ਜਾਣ ਦਾ।" ਬਚਨ ਹੋਇਆ- "ਬੁੱਧ ਸਿੰਘ ਜੀ! ਇਹ ਕੰਮ ਸਾਡੇ ਜਾਣ ਦਾ ਹੀ ਹੈ।" ਇਹ ਬਚਨ ਸੁਣ ਕੇ ਗੁਰੂ ਹਰੀ ਸਿੰਘ ਜੀ ਨੇ ਆਪਣਾ ਸੀਸ ਹਜ਼ੂਰ ਦੀ ਰਜ਼ਾ ਅੱਗੇ ਬੜੇ ਅਦਬ ਨਾਲ ਝੁਕਾਉਂਦਿਆਂ ਹੋਇਆਂ ਕਿਹਾ ਕਿ- "ਪਾਤਸ਼ਾਹ! ਆਪਣਾ ਹੱਥ ਸਦਾ ਹੀ ਦਾਸ ਦੇ ਸਿਰ ਤੇ ਰੱਖਣਾ, ਤੇ ਉਹ ਕਾਰ ਕਰਵਾਉਣ ਦੀ ਕਿਰਪਾਲਤਾ ਕਰਨੀ ਜੋ ਆਪਨੂੰ ਭਾਂਵਦੀ ਹੋਵੇ।"

ਹੁਣ ਸ੍ਰੀ ਸਤਿਗੁਰੂ ਜੀ ਨੇ ਆਪਣੀ ਲੰਮੀ ਭੁਜਾ ਖੜੀ ਕਰਕੇ ਸਮੂਹ ਸੰਗਤਾਂ ਨੂੰ ਜੋ ਇਸ ਦ੍ਰਿਸ਼ਯ ਨੂੰ ਤੱਕ ਤੱਕ ਬੇਹਾਲ ਹੋ ਰਹੀਆਂ ਤੇ ਧਰਤੀ ਤੇ ਲੇਟ ਕੇ ਪੁਕਾਰ ਰਹੀਆਂ ਸਨ- "ਪ੍ਰੀਤਮ ਜੀ! ਨਾ ਜਾਓ ! ਸਾਡੇ ਵੱਲ ਤੱਕੋ! ਅਸੀਂ ਕੀ ਕਰਾਂਗੇ। ਦਿਲਾਸਾ ਦੇਂਦਿਆਂ ਹੋਇਆਂ ਜੈਕਾਰਾ ਬੁਲਾ ਦਿੱਤਾ- "ਜੋ ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ"।

**ਭੈਣੀ ਸਾਹਿਬ ਤੋਂ ਰਵਾਨਗੀ-**

ਭਾਈ ਗੁਰਦਿੱਤ ਸਿੰਘ ਗਾਡੀ ਨੂੰ ਗੱਡਾ ਤੋਰਨ ਦੀ ਆਗਯਾ ਹੋਈ। ਗੱਡਾ ਹੱਕਿਆ ਗਿਆ। ਬਲਦ ਚੁੰਗੀਆਂ ਮਾਰ ਮਾਰ ਕੇ ਦੌੜਦੇ ਹਨ। ਕਮਲਿਆਂ ਨੂੰ ਕੀ ਪਤਾ ਸੀ ਕਿ ਜਿਸ ਮਨਮੋਹਨ ਦਾ ਕਰ ਕਮਲ ਹਰ ਰੋਜ਼ ਉਨ੍ਹਾਂ ਦੀ ਕੰਡ ਤੇ ਫਿਰਿਆ ਕਰਦਾ ਸੀ, ਉਹ ਅੱਜ ਇਸ ਗੱਡੇ ਦੀ ਆਖਰੀ ਸਵਾਰੀ ਕਰ ਰਿਹਾ ਹੈ। ਉਸਦੇ ਲੰਮੇ ਸਫ਼ਰ ਦਾ ਕੀ ਪਤਾ ਹੈ ਕਿ ਉਸਨੇ ਸ੍ਰੀ ਰਾਮਚੰਦ੍ਰ ਜੀ ਦੇ ਕਿੰਨੇ ਬਨਵਾਸ ਕਾਲ ਵਿਤੀਤ ਕਰਕੇ ਵਿਤੀਤਣਾ ਹੈ। ਲਾਣੋਂ ਦੇ ਪਾਸ ਸੜਕ ਤੇ ਬਹੁਤ ਸਾਰੀ ਪੁਲਿਸ ਤੇ ਗੋਰਖਾ ਫੌਜ ਖੜ੍ਹੀ ਸੀ। ਪਾਤਸ਼ਾਹ ਜੀ ਇਸ ਲਸ਼ਕਰ ਨਾਲ ਢਲੀ ਰਾਤੇ ਲੁਧਿਆਣੇ ਪੁਜੇ।

**ਗ੍ਰਿਫਤਾਰੀ ਬਾਬਤ ਫਾਰਸਿਥ ਦਾ ਆਪਣਾ ਬਿਆਨ-**

ਕਮਿਸ਼ਨਰ ਫਾਰਸਿਥ ਜਿਸ ਨੇ ਦਿੱਲੀ ਤੋਂ ਲੁਧਿਆਣੇ ਨੂੰ ਤੁਰਨ ਸਮੇਂ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਦਾ ਇਰਾਦਾ ਕੀਤਾ ਹੋਇਆ ਸੀ, ਆਪਣੀ ਹਸਤ ਲਿਖਤੀ ਜੀਵਨੀ ਵਿਚ ਲਿਖਤਾ ਹੈ- ਮੈਂ (ਕੂਕਿਆਂ ਦੇ) ਆਗੂ (ਸਤਿਗੁਰੂ) ਰਾਮ ਸਿੰਘ (ਜੀ) ਨੂੰ ਗ੍ਰਿਫਤਾਰ ਕਰਨ (ਬਾਕੀ ਸਫਾ 7 'ਤੇ)

# ਪ੍ਰਵਚਨ


# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

# ਸੀਸ ਦੀਏ ਅਰੁ ਸੀ ਨ ਕਰੀ

*ਸ੍ਰ. ਆਤਮਾ ਸਿੰਘ (ਮੰਤਰੀ ਪੰਜਾਬ ਸਰਕਾਰ) ਹੁਰਾਂ ਨੇ ਬਹੁਤ ਸਾਰੀਆਂ ਇਤਿਹਾਸਕ ਗੱਲਾਂ ਤੁਹਾਨੂੰ ਦੱਸੀਆਂ ਨੇ, ਮੈਂ ਦੂਸਰੀਆਂ ਵੱਲ ਨਾ ਜਾਂਦਾ ਹੋਇਆ ਸਿਰਫ ਇਕ ਗੱਲ ਵਾਸਤੇ ਥੋੜ੍ਹਾ ਜਿਹਾ ਸਪਸ਼ਟੀਕਰਣ ਕਰਨਾ ਚਾਹੁੰਦਾ ਹਾਂ। ਇਹਨਾਂ ਨੇ ਬਿਸ਼ਨ ਸਿੰਘ ਵਾਸਤੇ ਦੱਸਿਆ ਸੀ ਕਿ ਉਹ ਬਿਸ਼ਨ ਸਿੰਘ ਬੱਚਾ ਰਾਮਗੜ੍ਹੀਆ ਪਰਵਾਰ ਵਿਚੋਂ, ਰੜ੍ਹ ਪਿੰਡ, ਜਿਸਨੂੰ ਰੂੜ ਗੜ੍ਹ ਵੀ ਆਖਿਆ ਜਾਂਦਾ ਹੈ ਓਥੋਂ ਦਾ ਸੀ। ਉਹਨਾਂ ਦੇ ਪਰਵਾਰ ਅਜੇ ਵੀ ਹੈਣ ਬਿਸ਼ਨ ਸਿੰਘ ਦੇ ਭਤੀਜੇ ਵਗੈਰਾ, ਕਿਉਂਕਿ ਉਹ ਤੇ ਬਾਰਾਂ ਸਾਲ ਦਾ ਹੀ ਚੜ੍ਹਾਈ ਕਰ ਗਿਆ ਸੀ।*

*ਜਿਹੜੀ ਇੱਟਾਂ ਰੱਖਣ ਵਾਲੀ ਘਟਨਾ ਹੈ, ਉਹ ਵਰਿਆਮ ਸਿੰਘ ਦੀ ਹੈ। ਉਹਨਾਂ ਦੇ ਪਰਵਾਰ ਵਿੱਚੋਂ ਵੀ ਸਿੰਘ ਹੈਗੇ ਨੇ ਅਜੇ। ਵਰਿਆਮ ਸਿੰਘ ਦਾ ਕੱਦ ਮਧਰਾ ਸੀ। ਉਹ ਪਟਿਆਲੇ ਵਾਲੇ ਰਾਜੇ ਦੇ ਰਿਸ਼ਤੇਦਾਰਾਂ ਵਿਚੋਂ ਸੀ। ਉਹਦੇ ਵਾਸਤੇ ਕੋਈ ਸਿਫ਼ਾਰਸ਼ ਆਈ ਕਿ ਇਹਨੂੰ ਕਿਸੇ ਤਰ੍ਹਾਂ ਏਥੋਂ ਕੱਢੋ, ਬਚਾਓ। ਉਹਨੂੰ ਇਹ ਗੱਲ ਆਖੀ ਗਈ ਕਿ ਵਰਿਆਮ ਸਿੰਘ, ਤੇਰਾ ਕੱਦ ਮਧਰਾ ਹੈ, ਤੂੰ ਤੋਪ ਦੇ ਅੱਗੇ ਪੂਰਾ ਨਹੀਂ ਆਉਂਦਾ, ਤੂੰ ਪਰੇ ਹਟ ਜਾਹ। ਉਹਨੇ ਵਾਹਣ ਵਿਚੋਂ ਝਟਪਟ ਕੱਚੀਆਂ ਢੇਮਾਂ ਫੜ ਕੇ ਪੈਰਾਂ ਥੱਲੇ ਰੱਖਕੇ ਸਾਹਮਣੇ ਖਲੋ ਕੇ ਆਖਿਆ ਹੁਣ ਤੇ ਨਹੀਂ ਮੇਰਾ ਕੱਦ ਮਧਰਾ? ਮੇਰੀ ਵਾਰੀ ਨਾ ਗਵਾਓ।*

*ਬਿਸ਼ਨ ਸਿੰਘ ਦਾ ਹਾਦਸਾ ਦੂਸਰਾ ਸੀ। ਇਹ ਬਾਰਾਂ ਸਾਲ ਦਾ ਬੱਚਾ ਸੀ। ਇਹ ਵੀ ਉਹਨਾਂ ਦੇ ਨਾਲ ਗਿਆ ਸੀ। ਜਿਹੜਾ ਕਾਵਨ ਸੀ ਉਸ ਦੀ ਲੰਮੀ ਦਾੜ੍ਹੀ ਸੀ ਪਾਦਰੀਆਂ ਵਾਂਗ। ਮੈਨੂੰ ਇਕ ਗੱਲ ਯਾਦ ਆ ਗਈ ਹੈ। ਇਕ ਸਿੰਘ ਆਪਣਾ ਨਾਮਧਾਰੀ ਵਲੈਤ ਨੂੰ ਗਿਆ ਤੇ ਮੈਂ ਉਹਨੂੰ ਆਖਿਆ ਕਿ ਤੂੰ ਓਥੇ ਜਾ ਕੇ ਦਾੜ੍ਹੀ ਨਹੀਂ ਬੰਨਣੀ। ਓਥੇ ਜਾ ਕੇ ਉਹਨੇ ਮੈਨੂੰ ਚਿੱਠੀ ਲਿਖੀ ਕਿ ਏਥੇ ਤ੍ਰੇਲ ਬੜੀ ਪੈਂਦੀ ਹੈ ਸਿਆਲ ਦੇ ਦਿਨਾਂ ਵਿਚ, ਦਾੜ੍ਹੀ ਚੋਣ ਲਗ ਪੈਂਦੀ ਹੈ ਇਹਦਾ ਮੈਂ ਕੀ ਪ੍ਰਬੰਧ ਕਰਾਂ। ਮੈਂ ਉਹਨੂੰ ਆਖਿਆ ਏਥੇ ਬੜੇ ਪਾਦਰੀ ਨੇ ਲੰਮੀਆਂ ਲੰਮੀਆਂ ਦਾੜ੍ਹੀਆਂ ਵਾਲੇ, ਉਹਨਾਂ ਨੂੰ ਪੁੱਛ ਲਈਂ ਕਿ ਕੀ ਪ੍ਰਬੰਧ ਕਰਦੇ ਨੇ ਤੂੰ ਵੀ ਉਹ ਹੀ ਪ੍ਰਬੰਧ ਕਰ ਲਈਂ। ਇਹ ਹੱਸਣ ਦੀ ਗੱਲ ਨਹੀਂ। ਮੇਰਾ ਮਤਲਬ ਇਹ ਹੈ ਕਿ ਪੱਜ ਸਾਨੂੰ ਇਹ ਲਭਣਾ ਚਾਹੀਦਾ ਹੈ ਕਿ ਅਸੀਂ ਦਾੜ੍ਹਾ ਖੋਲ੍ਹ ਕੇ ਕਿਵੇਂ ਰੱਖ ਸਕਦੇ ਹਾਂ, ਨਾ ਕਿ ਇਹ ਪੱਜ ਲਭੀਏ ਕਿ ਦਾੜ੍ਹਾ ਬੰਨ੍ਹਣਾ ਕਿਵੇਂ ਹੈ। ਇਹ ਸਿਰਫ ਸਤਿਗੁਰਾਂ ਦੀ ਜਿਹਦੇ ਉੱਤੇ ਕਿਰਪਾ ਹੋਵੇ ਉਸੇ ਦੇ ਧਿਆਨ ਵਿਚ ਆ ਸਕਦੀ ਹੈ।*



*ਸੋ ਉਸ ਬਿਸ਼ਨ ਸਿੰਘ ਦੀ ਗੱਲ ਕਰ ਰਿਹਾ ਸਾਂ। ਉਹ ਜਿਹੜਾ ਡਿਪਟੀ ਕਮਿਸ਼ਨਰ ਸੀ-ਕਾਵਨ, ਉਹਦੀ ਦਾੜ੍ਹੀ ਬੜੀ ਲੰਮੀ ਸੀ। ਉਹਦੀ ਮੇਮ ਨੇ ਇਹ ਗੱਲ ਆਖੀ ਵੇਖ ਇਹ ਬੱਚਾ ਹੈ ਛੋਟਾ ਜਿਹਾ, ਇਹਨੇ ਅਜੇ ਦੁਨੀਆਂ ਦਾ ਕੀ ਵੇਖਿਆ ਹੈ? ਤੂੰ ਇਹਦੇ ਤੋਂ ਕੀ ਲੈਣਾ ਹੈ, ਇਹਨੂੰ ਛੱਡ ਦੇ। ਉਹ (ਕਾਵਨ) ਬੜਾ ਖਚਰਾ ਸੀ, ਉਹਨੇ ਆਖਿਆ ਇਹ ਆਖੇ ਕਿ ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਮੈਂ ਹੁਣੇ ਛੱਡ ਦਿਆਂਗਾ ਇਹਨੂੰ। ਬਿਸ਼ਨ ਸਿੰਘ ਨੂੰ ਜਿਸ ਵੇਲੇ ਇਹ ਗੱਲ ਆਖੀ ਗਈ। ਬਾਰਾਂ ਸਾਲ ਦਾ ਬੱਚਾ ਕੀ ਹੁੰਦਾ ਹੈ? ਉਹ ਆਖਣ ਲੱਗਾ, ਮੈਂ ਸਾਹਬ ਦੇ ਕੰਨ ਵਿਚ ਗੱਲ ਕਰਨੀ ਹੈ। ਉਹਨੂੰ ਮੈਂ ਦੱਸ ਦਿਆਂਗਾ ਜਿਹੜੀ ਮੈਂ ਗੱਲ ਕਰਨੀ ਹੈ। ਉਹਨੂੰ ਸਾਹਬ ਹੁਰਾਂ ਦੇ ਕੋਲ ਜਿਸ ਵੇਲੇ ਲੈ ਕੇ ਗਏ ਤੇ ਉਹਨੇ ਹੇਠਾਂ ਝੁਕ ਕੇ ਜਿਸ ਵੇਲੇ ਬੱਚੇ ਅੱਗੇ ਕੰਨ ਕੀਤਾ ਤਾਂ ਬਿਸ਼ਨ ਸਿੰਘ ਨੇ ਐਨੇ ਜ਼ੋਰ ਨਾਲ ਦਾੜ੍ਹੀ ਫੜ ਕੇ ਝੰਝੋੜਿਆ ਉਹਨੂੰ ਕਿ ਉਹਦੇ ਨੇੜੇ ਖੜ੍ਹੇ ਤਲਵਾਰਾਂ ਵਾਲਿਆਂ ਨੇ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਕੱਟਕੇ ਟੋਟੇ ਟੋਟੇ ਕਰ ਦਿੱਤਾ। ਤਾਂ ਕਾਵਨ ਦੀ ਦਾੜ੍ਹੀ ਛੁੱਟੀ। ਉਹ ਦੂਸਰਾ ਹਾਦਸਾ ਇਸ ਤਰ੍ਹਾਂ ਹੈ।*


❖❖❖

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ
## ਸੁਤੰਤਰਤਾ ਸੰਗਰਾਮ ਦੇ ਮੋਢੀ

# ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਦਾ



# 197ਵਾਂ ਪ੍ਰਕਾਸ਼ ਪੁਰਬ

# ਰਾਜ ਪੱਧਰੀ ਮੇਲਾ: ਬਸੰਤ ਪੰਚਮੀ

## *ਸਥਾਨ:* ਰਾਈਆਂ–ਸ੍ਰੀ ਭੈਣੀ ਸਾਹਿਬ (ਪੰਜਾਬ)

## ਤਾਰੀਕ: 28 ਜਨਵਰੀ 2012 ਮੁਤਾਬਿਕ 15 ਮਾਘ 2068, ਦਿਨ ਸ਼ਨੀਵਾਰ

ਇਸ ਸਮੇਂ ਰਾਜਨੀਤਕ ਆਗੂ, ਸਮਾਜਿਕ ਸੰਗਠਨਾਂ ਅਤੇ ਧਾਰਮਿਕ ਅਦਾਰਿਆਂ ਦੇ ਆਗੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਸ਼ਰਧਾ ਸਤਿਕਾਰ ਪ੍ਰਗਟ ਕਰਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਲਈ ਪਹੁੰਚਣਗੇ।

## ਪ੍ਰੋਗਰਾਮ

❑ ਸ਼ਬਦ ਕੀਰਤਨ ❑ ਪਾਠਾਂ ਦੇ ਭੋਗ ❑ ਨਾਮ ਸਿਮਰਨ ❑ ਵਿਦਵਾਨਾਂ ਦੇ ਭਾਸ਼ਣ ❑ ਦਿਵਾਨ ❑ ਕਵੀ ਦਰਬਾਰ

ਸਾਧ ਸੰਗਤ ਹੁੰਮ ਹੁਮਾ ਕੇ ਪੁੱਜੇ ਅਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਜਨਮ ਸਫਲਾ ਕਰੇ।

ਨੋਟ : ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

## ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ (ਪੰਜਾਬ)

# शहीद मलेरकोटले के

✍ डा. सतवंत कौर मठारु

सिक्ख इतिहास साक्षी है कि सिक्ख अपने त्याग व बलिदान हेतू सदा तत्तपर रहे हैं। अपनी इस भावना के कारण विश्व भर में प्रसिद्ध हैं। वे देश, धर्म व स्वाभिमान की रक्षा हेतू समय समय पर प्राणों को न्यौछावर करते रहे हैं। उनमें से कूके नामधारी सिक्ख भी उल्लेखनीय हैं। जिन्होंने देश की स्वतन्त्रता, सत्य व गउ गरीब की रक्षा हेतू अंग्रेजी प्रशासन के क्रूरता पूर्ण व्यवहार एवम् अत्याचारों के विरुद्ध अपनी अवाज उठाई तथा बड़ी निडरता व वीरता पूर्ण अपना बलीदान दिया।

**विद्रोह भावना के कारण-**

नामधारी सिक्ख अंग्रेजी सरकार के व्यावहार से असंतुष्ट थे इसलिये वे उनसे कोई मेल जोल नहीं रखना चाहते थे तथा उनके विरुद्ध विद्रोह करना चाहते थे। किन्तु श्री सद्‌गुरु राम सिंह जी ने इसकी आज्ञा नहीं दी क्योंकि गुरु जी शांति पूर्वक अहिंसात्मक आन्दोलन चलाना चाहते थे। अमृतसर, रायेकोट तथा लुधियाना में घटित घटना से कूके पहले से ही भड़के हुये थे। जब मलेरकोटले के नंबरदार ने एक बिमार बूढ़े बैल पर बहुत सी मूलियां लादे एक व्यक्ति को बैठे हुऐ देखा तो उसे मना किया कि वह बीमार बूढ़े बैल पर कुछ तो दया करे। किन्तु वह व्यक्ति नहीं माना और अपनी शिकायत लेकर वहां की कोतवाली पहुंचा। कोतवाल और वहां के काजी ने ईर्ष्यावश सिक्खों की बात न सुनकर बैल को खूब पीटा और मार दिया और उस व्यक्ति को बैल की कीमत दे दी। इस घटना से कूके सिक्खों में प्रतिशोध की भावना प्रज्ज्वलित हो उठी। उन्होंने कोतवाल को सबक सिखाने के लिये विद्रोह की घोषणा कर दी। अंग्रेज सरकार उन्हें रोकने की बजाये मलेरकोटले की उतेजित घटना द्वारा कूका अन्दोलन को पूर्ण रुप से कुचलना चाहती थी।

**मलेरकोटले पर आक्रमण-**


मलेरकोटले पर आक्रमण करने हेतू कूका दल स. हीरा सिंह व लहणा सिंह ने नेतृत्व में मलौद के किले पर चढाई कर दी। नामधारी सिक्खों की संख्या लगभग 250 थी। किले के सरदार को शस्त्र व घोड़े देने का आग्रह किया। उसमें साहस नहीं था कि वह सिक्खों का आग्रह मान ले। इसी बात पर आपसी मुठभेड़ हुई। कुछ उसके आदमी मारे गये कुछ घायल हुए। दो कूके भी शहीद हो गए। वहां से कुछ शस्त्र व घोड़े लेकर दीवाना शहीदी जत्था मलेरकोटले पहुंचा। कोतवाली तथा बूच्ड़ों व चिड़ी मारों के मुहल्ले पहुंचकर जयकारा लगाते हुए बड़ी वीरता और साहस के साथ आक्रमण कर दिया। गउओं के गले से रस्से खोलकर उन्हें आजाद करके बाहर धकेल दिया। पुलिस ने सिक्खों पर आक्रमण कर दिया। दोनें के बीच में जमकर युद्ध हुआ। वहां के लोगों से भी युद्ध किया। कूकों ने लाठीओं व बरछों से सशस्त्र शत्रुओं के दल में भगदड़ मचा दी। काफी सिक्ख इस घटना के पश्चात वापिस लौट गए। जो मर मिटने के लिये तत्पर थे वे रात्रि को वहीं कुएं के निकट रहे। सुबह शहीदी जत्था थाना शेरपुर पहुंचा और अपना क्रान्तिकारी बयान देकर गिरफतार हो गए।

**सिक्खों को तोपों से उड़ाया-**

17 जनवरी 1872 ई. को मि. कावन ने बिना सिक्ख कूकों पर मुकदमा चलाये उनको तोपों से उड़ाने का आदेश दे दिया। उनमें दो स्त्रियां और 66 पुरष थे। जमालपुर मैदान में सात तोपें गाढ़ी गई। सात तोपों के सम्मुख सात सिक्खों को खड़ा कर उन्हें उड़ा दिया। उनके शरीर के पुरजे रुई समान उड़ने लगे। कूकों को तोपों से उड़ा कर शहीद कर दिया गया। एक बालक जिसका नाम बिशन सिंह था उसे कहा कि वह यह कह दे कि वो गुरु राम सिंह का सिक्ख नहीं तो उसे छोड़ दिया जायेगा परन्तु उस बालक ने क्रोध वश कावन की दाढ़ी हाथों से खींच ली और छोड़ा नहीं। अन्त में उसके हाथ काट दिये और तलवार से उसे भी शहीद कर दिया गया। शेष बचे 16 सिक्खों को गिरफतार कर नाममात्र मुकदमा चला कर दूसरे दिन 18 जनवरी को उसी प्रकार तोपों के सम्मुख खड़ा करके शहीद कर दिया गया। वीर कूकों ने मुस्कराते हुए अपने प्राणों का बलिदान दिया। कावन के इस कृत्य की बहुत आलोचना हुई।

इस तरह देश की आजादी, गऊ गरीब की रक्षा तथा स्वाभिमान हेतू बडी निर्भीकता से अंग्रेजी प्रशासन से कूकों ने व्रिदोह किया। इस घटना ने भारतवासीयों के ह्रदय में स्वतंत्रता की चिंगारी जला दी। इस घटना के उपरान्त श्री सद्‌गुरु राम सिंह जी को 18 जनवरी की सुबह चार बजे गाड़ी से लुधियाना फिर वहां से इलाहाबाद भेज दिया गया। उनके साथ कुछ प्रमुख नामधारी सिक्ख थे। मलेरकोटले में शहीदी स्मारक स्थल बना दिया गया है। वहां हर वर्ष शहीदी समागम होता है। ■

SATJUG
ESTABLISHED IN 1920



**Young Bishan Singh pounced upon Deputy Commmissioner Cowan and pulled his beard so vigorously that he screamed for help.**

# GURU RAM SINGH SHIFTED TO ALLAHABAD

"Kuka Massacre at Malerkotla. These reminiscences of 1872 would be incomplete without some reference to what I can only describe as the Massacre at Malerkotla…….. For my part, I can recall nothing during my service in India, more revolting and shocking than these executions, and there were many who thought as I did, still think, that the final orders of the Government of India were lamentably inadequate." (Indian and Home memories by Sir Henery Cotton, pp. 110-113.)

The Government took the occasion as affording an appropriate opportunity for exercising its absolute power for crushing the Namdhari movement. Guru Ram Singh and his three Subahs, Jawahar Singh, Sahib Singh and Lakha Singh and his personal attendant, Nanoo Singh, were put under arrest on the night of 17th and next day morning taken to Allahabad. Immediately after, Sahib Singh, Rur Singh, Kahn Singh, Brahma Singh, Maluk Singh, Man Singh and Hukma Singh were also arrested and sent to Allahabad. All of them were ordered to be kept in detention under Bengal Regulation III of 1818. Consequently, Guru Ram Singh was sent to Rangoon in March 1872, along with his personal attendant, Nanoo Singh, and the Subas were confined in different jails.

**–NAHAR SINGH**

# ਸੰਤ ਖਾਲਸਾ

ਸੰਤ ਹਰਨਾਮ ਸਿੰਘ ਸੈ੍ਚ (ਬਗਲੀ ਕਲਾਂ)

## ਸ਼ਹੀਦਾਂ ਦੀ ਤਾਦਾਦ

ਉਣੰਜਾ ਸਿੰਘ ਸਿਦਕੀ ਵਿਚ ਕੋਟਲੇ ਦੇ ਧਰਕੇ ਤੋਪਾਂ ਦੇ ਨਾਲ ਉਡਾਇ ਦਿਤੇ।
ਸੋਲਾਂ ਸਿੰਘ ਦੂਜੇ ਰੋਜ ਬੀਰ ਬਾਂਕੇ ਗੌਰਮਿੰਟ ਨੇ ਫਾਂਸੀ ਲਗਾਇ ਦਿਤੇ।
ਬਿਸ਼ਨ ਸਿੰਘ ਸੂਰੇ ਰੜ ਪਿੰਡ ਵਾਲੇ ਨਾਲ ਤੇਗ ਦੇ ਕਤਲ ਕਰਾਇ ਦਿਤੇ।
ਸੱਤ ਸਿੰਘ ਬਲਵੇ ਵਿਚ ਗਏ ਮਾਰੇ ਕਾਲੇ ਪਾਣੀਆਂ ਚਾਰ ਪੁਚਾਇ ਦਿਤੇ।
ਇਕ ਸਿੰਘ ਮਲੌਦ ਸ਼ਹੀਦ ਹੋਇਆ ਠੱਤ੍ਰ ਵੀਰਨੌਂ ਕੁਲ ਗਿਣਾਇ ਦਿਤੇ।
ਹੋਏ ਗੁੰਮ ਭੀ ਬਹੁਤ ਹਰਨਾਮ ਸਿੰਘਾ ਨਾਂ ਓਹ ਕਿਸੀ ਨੇ ਢੂੰਡ ਢੂੰਡਾਇ ਦਿਤੇ।

## ਭਾਰੀ ਬਲੀਦਾਨ

ਖੁਸ਼ੀਆਂ ਨਾਲ ਲਲਕਾਰ ਕੇ ਮੌਤ ਤਾਈਂ ਕਰ ਬਹੁਤ ਭਾਰੀ ਬਲੀਦਾਨ ਗਏ।
ਰੱਛਿਆ ਗਊ ਖਾਤਰ ਸਿੰਘ ਬਲੀ ਜੋਧੇ ਧਰਮ ਵਾਸਤੇ ਹੋਇ ਕੁਰਬਾਨ ਗਏ।
ਭੱਜ ਭੱਜ ਕੇ ਤੋਪਾਂ ਮੂਹ੍ਰੇ ਖੜ੍ਹੇ ਹੋ ਕੇ ਖੁਸ਼ੀਆਂ ਨਾਲ ਕੁਰਬਾਨ ਕਰ ਜਾਨ ਗਏ।
ਬੇਮਿਸਾਲ ਕੁਰਬਾਨੀ ਹਰਨਾਮ ਸਿੰਘਾ ਛੱਡ ਸੂਰਮੇ ਵਿਚ ਜਹਾਨ ਗਏ।


## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਵਨ ਯਾਨੇ ਗਵਰਨਮੈਂਟ ਨੇ ਜਿਲਾ ਵਤਨ ਕਰਨੇ

ਏਹ ਤਾਂ ਹਾਲ ਸੁਣ ਚੁਕੇ ਹੋ ਕੋਟਲੇ ਦਾ ਭੈਣੀ ਸਾਹਿਬ ਦਾ ਭੀ ਸਮਾਚਾਰ ਸੁਣਲੌ।
ਰਾਮ ਸਿੰਘ ਸਤਿਗੁਰ ਵੰਨੀ ਅਸਫਰਾਂ ਦੀ ਨਿਗ੍ਹਾ ਗਰਮ ਹੈਸੀ ਖਯਾਲ ਧਾਰ ਸੁਣਲੌ।
ਹਾਲਾਂ ਰਬਟ ਪਹਿਲਾਂ ਚੁਕੇ ਭੇਜ ਸੀਗੇ ਅਸੀਂ ਜਥੇ ਦੇ ਨਾਂ ਜ਼ੁਮੇਂਵਾਰ ਸੁਣਲੌ।
ਰੋਕ ਸਕਦੇ ਥੇ ਜਥਾ ਕੋਟਲੇ ਤੇ ਇੰਤਜ਼ਾਮ ਕਰਕੇ ਔਪੇਦਾਰ ਸੁਣ ਲੌ।
ਬੇ ਕਸੂਰ ਮਹਾਰਾਜ ਥੇ ਓਸ ਵੇਲੇ ਕੀਤਾ ਨਹੀ ਇਨਸਾਫ ਸ੍ਰਕਾਰ ਸੁਣ ਲੌ।
ਸਦਣ ਲੀਏ ਮਹਾਰਾਜ ਨੂੰ ਲੁਦਿਹਾਣੇ ਹੁਕਮ ਭੇਜਤਾ ਤੇਜ ਤ੍ਰਾਰ ਸੁਣ ਲੌ।
ਅੰਤਰਯਾਮਤਾ ਸੇ ਸਾਰਾ ਸਮਝ ਭਾਣਾ ਸਤਿਗੁਰ ਪਹਿਲੇ ਹੀ ਜਾਣ ਨੂੰ ਤਯਾਰ ਸੁਣਲੌ।
ਖੀਨ ਖਾਫ ਜਰੀਆਂ ਵਾਲੇ ਬਾਦਸ਼ਾਹੀ ਚੋਗੇ ਮਖਮਲੀ ਦੀਏ ਉਤਾਰ ਸੁਣ ਲੌ।
ਆਸਣ ਬੰਨ੍ਹ ਕੇ ਸੀਸ ਤੇ ਜਿਸਮ ਉਤੇ ਬੁੱਕਲ ਕਮਲੀ ਦੀ ਲਈ ਮਾਰ ਸੁਣ ਲੌ।
ਛੱਡ ਕੋਤਲ ਘੋੜੇ ਖੜੇ ਸਤਿਗੁਰ ਗੱਡੇ ਉਤੇ ਹੋ ਗਏ ਅਸਵਾਰ ਸੁਣ ਲੌ।
ਚੱਲੇ ਚਲੇ ਰਾਜੇ ਯੋਗੀ ਜੰਗਲਾਂ ਨੂੰ ਵਸਦੇ ਛਡਕੇ ਸ਼ਹਿਰ ਬਜਾਰ ਸੁਣ ਲੌ।
ਚੱਲੇ ਵਿਛੜ ਜਦ ਸਤਿਗੁਰੂ ਸੰਗਤਾਂ ਤੋਂ ਸਿੰਘ ਰੋਣ ਲਗੇ ਭੁਬਾਂ ਮਾਰ ਸੁਣ ਲੋ।
ਖੜ੍ਹਕੇ ਫੇਰ ਧੀਰਜ ਦਿਤੀ ਸੰਗਤਾਂ ਨੂੰ ਦੇਖੀ ਫੇਰ ਸੰਗਤ ਜਾਂਦੀ ਵਾਰ ਸੁਣ ਲੌ।
ਭੈਣੀ ਸਾਹਿਬ ਆਕੇ ਫੇਰ ਮਿਲੂੰ ਥੋਨੂ ਕੀਤਾ ਸੰਗਤਾਂ ਨਾਲ ਇਕ੍ਰਾਰ ਸੁਣ ਲੌ।
ਜਦ ਦੇ ਗਏ ਆਏ ਨਹੀ ਅਜ ਤੋੜੀ ਸੰਗਤ ਦਿਤੀ ਕਿਉ ਗੁਰਾਂ ਵਿਸਾਰ ਸੁਣ ਲੌ।
ਪਹੁੰਚ ਜਦੋਂ ਲੁਦਿਆਣੇ ਸਤਿਗੁਰੂ ਥੇ ਸਿੰਘ ਨਾਲ ਬਾਰਾਂ ਸੂਬੇਦਾਰ ਸੁਣ ਲੌ।
ਓਸੇ ਵਕਤ ਬਿਠਾਲ ਕੇ ਰੇਲ ਅੰਦਰ ਕੀਤੇ ਮੁਲਕ ਪੰਜਾਬ ਤੇ ਪਾਰ ਸੁਣ ਲੌ।
ਕਿਲੇ ਵਿਚ ਪ੍ਰਯਾਗ ਹਰਨਾਮ ਸਿੰਘਾ ਗੌਰਮੈਂਟ ਨੇ ਦੀਏ ਉਤਾਰ ਸੁਣ ਲੌ।

# ਮਲੇਕਰੋਟਲੇ ਸਾਕੇ ਦੇ ਅਣਲਿਖੇ ਪੱਤਰੇ..(ਬਾਕੀ ਸਫਾ 2 ਦੀ)

*ਵਖੋ ਵਖ ਅੰਗ ਸੀ।*
*ਦੋਏ ਪੁਟੇ ਖੂਹ ਸਨ,*
*ਨਪੇ ਧਰਤੀ ਸੰਗ।*
*ਬਸਤਰ ਦੋਸ਼ਾਲੇ ਸਿੰਘਾਂ ਦੇ,*
*ਭੰਗੀਆਂ ਲਏ ਸੰਭਾਲ।*
*ਗਦੂ ਭੰਗੀ ਸਰਕਾਰ ਦਾ,*
*ਦਸਦਾ ਹੈਸੀ ਹਾਲ।*
*ਗੂੰਜ ਕਲਰ ਚੋਂ ਆਂਵਦੀ,*
*ਹਾੜ ਰੁਤ ਤੇ ਸਿਆਲ।*
*ਅੱਧੀ ਰਾਤੋਂ ਬੋਲਦੇ, ਸਿੰਘ*
*ਸਤਿ ਸ੍ਰੀ ਅਕਾਲ।*
*ਪਿੰਡਾਂ ਵਾਲੇ ਲੋਕ ਸਭ,*
*ਪੂਜਨ ਇਹ ਅਸਥਾਨ।*
*ਆਣ ਪਤਾਸੇ ਵੰਡਦੇ,*
*ਮੁਸ਼ਕਲ ਹੋਏ ਅਸਾਨ।*
*ਭੰਦਲੀ ਨਦੀ ਦੇ ਥਲ ਵਿਚ,*
*ਜੋ ਸਿੰਘ ਹੋਏ ਸ਼ਹੀਦ।*
*ਲੋਥਾਂ ਦਿੱਤੀਆਂ ਨੱਪ ਸਨ,*
*ਥਲ ਦੇ ਵਿਚ ਕੁਰਸੀਦ।*
*ਦੋ ਮਾਈਆਂ ਮਸਤਾਨੀਆਂ,*
*ਉਹਨਾਂ ਦਾ ਪ੍ਰਬੰਧ।*
*ਪਟਿਆਲੇ ਬਾਦਸ਼ਾਹ ਗੜ ਕਿਲ੍ਹੇ,*
*ਵਿਚ ਕੀਤੀਆਂ ਨਜ਼ਰਬੰਦ।*
*ਹੋਇਆ ਸਾਕਾ ਕੋਟਲੇ,*
*ਦਸਿਆ ਸਾਰਾ ਹਾਲ।*
*ਬਿਕਰਮੀ ਉਨੀ ਸੌ ਅਠਾਈ ਸੀ,*
*ਪੰਜ ਛੇ ਮਾਘ ਸਿਆਲ।*

ਉਸ ਸਾਕੇ ਤੋਂ ਬਾਅਦ ਉਹ ਰੱਕੜ ਸ਼ਹੀਦਾਂ ਦਾ ਪਵਿੱਤਰ ਅਸਥਾਨ ਬਣ ਗਿਆ ਜਿਥੇ ਇਲਾਕੇ ਦੇ ਲੋਕ ਨਤਮਸਤਕ ਹੁੰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲੀ ਵਾਰ ਸ਼ਹੀਦਾਂ ਦੀ ਯਾਦ ਵਿਚ ਉਸ ਅਸਥਾਨ ਤੇ 17-18 ਜਨਵਰੀ 1955 ਈ. ਵਿਚ ਮੇਲਾ ਕੀਤਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਹੈ, ਉਸ ਅਸਥਾਨ ਤੇ ਸ਼ਹੀਦਾਂ ਦੀ ਯਾਦ ਵਿਚ ਸ਼ਾਨਦਾਰ ਯਾਦਗਾਰਾਂ ਦੀ ਉਸਾਰੀ ਕੀਤੀ ਹੈ ਅਤੇ ਨਾਮਧਾਰੀ ਪੰਥ ਵਲੋਂ ਹਰ ਮਹੀਨੇ ਮੇਲਾ ਸ਼ਹੀਦਾਂ ਦੀ ਯਾਦ ਵਿਚ ਮਨਾਇਆ ਜਾਂਦਾ ਹੈ ਅਤੇ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ।



ਰਾਮ ਵਿਜੋਗੀ ਸੰਤ ਮੀਹਾਂ ਸਿੰਘ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਜੰਗਲਾ ਟੱਪ ਕੇ ਜਾਂਦੇ ਹਏ।

# ਕਲਮ ਆਜ ਉਨ ਕੀ ਜੈ ਬੋਲ

ਸੁਰਜੀਤ ਸਿੰਘ ਜੋਬਨ

ਭਾਰਤੀ ਇਤਿਹਾਸ ਵਿਚ ਮਲੇਰਕੋਟਲੇ ਵਰਗੀ ਘਟਨਾ ਦਾ ਜ਼ਿਕਰ ਸ਼ਾਇਦ ਹੀ ਕਿਤੇ ਵੇਖਣ ਨੂੰ ਮਿਲਦਾ ਹੋਵੇ। ਦੇਸ਼ ਭਗਤੀ ਦੀ ਏਨੀ ਉਚ ਭਾਵਨਾ ਦਾ ਕਿਸੇ ਨਾਲ ਮੇਲ ਕਰਨਾ ਬੱਚਿਆਂ ਵਰਗੀ ਹਰਕਤ ਹੀ ਮੰਨੀ ਜਾਇਗੀ। ਹਾਲਾਂਕਿ ਹਰ ਸ਼ਹੀਦ ਦੀ ਇਤਿਹਾਸ ਵਿਚ ਆਪਣੀ ਇਕ ਨਿਵੇਕਲੀ ਥਾਂ ਹੁੰਦੀ ਹੈ ਅਤੇ ਇਸ ਥਾਂ ਬਾਰੇ ਚਰਚਾ ਕਰਨੀ ਬੇਕਾਰ ਦੀ ਗੱਲ ਹੈ। ਸਿੱਖ ਇਤਿਹਾਸ ਤਾਂ ਹੈ ਹੀ ਸ਼ਹੀਦੀਆਂ ਨਾਲ ਭਰਿਆ ਇਤਿਹਾਸ। ਸਿੱਖ ਇਤਿਹਾਸ ਦਾ ਹਰ ਵਰਕਾ ਮਾਣ ਵਾਲਾ ਹੈ, ਖੁਦਾਰੀ ਭਰਿਆ ਹੈ ਅਤੇ ਹਰ ਵੇਲੇ ਸਾਨੂੰ ਪ੍ਰੇਰਣਾ ਦੇਣ ਵਾਲਾ ਹੈ। ਇਤਿਹਾਸ ਦੀ ਬਣਤਰ ਵਿਚ ਇਹਨਾਂ ਸ਼ਹੀਦਾਂ ਦਾ ਮੁੱਖ ਰੋਲ ਹੁੰਦਾ ਹੈ। ਪਰ ਇਹ ਸ਼ਹੀਦ ਨਿਰਵੈਰ ਹੀ ਆਖੇ ਜਾ ਸਕਦੇ ਹਨ। ਨਿਰਵੈਰ ਇਸ ਮਾਇਨੇ ਵਿਚ ਕਿ ਇਹਨਾਂ ਦਾ ਪਿਆਰ ਆਪਣੇ ਧਰਮ ਅਤੇ ਦੇਸ਼ ਨਾਲ ਹੁੰਦਾ ਹੈ। ਇਨਸਾਨੀ ਤੌਰ ਤੇ ਇਹ ਵੀ ਇਨਸਾਨੀ ਜਾਨ ਨੂੰ ਉਤਨਾ ਹੀ ਪਿਆਰ ਕਰਦੇ ਸਨ ਜਿਤਨਾਂ ਅਸੀਂ ਜਾਂ ਕੋਈ ਹੋਰ ਕਰਦਾ ਹੈ। ਇਹਨਾਂ ਦਾ ਵੈਰ ਹੁੰਦਾ ਹੈ ਗੁਲਾਮੀ ਦੀ ਭਾਵਨਾ ਨਾਲ, ਇਹਨਾਂ ਦਾ ਪਿਆਰ ਹੁੰਦਾ ਹੈ ਆਜ਼ਾਦ ਤੇ ਖੁੱਲ੍ਹੀ ਹਵਾ ਨਾਲ, ਆਪਣੇ ਅਧਿਕਾਰਾਂ ਨਾਲ। ਇਹ ਸ਼ਹੀਦ ਅਸਲ ਵਿਚ ਨਿਰਭਓ ਹੁੰਦੇ ਹਨ। ਇਹਨਾਂ ਨੂੰ ਕਿਸੇ ਦਾ ਭੈਅ ਨਹੀਂ ਹੁੰਦਾ। ਆਪਣੇ ਆਦਰਸ਼ਾਂ ਅਤੇ ਸਿਧਾਂਤਾਂ ਵਾਸਤੇ ਅੜ ਜਾਣਾ ਤੇ ਕੁਰਬਾਨ ਹੋ ਜਾਣਾ ਨਿਰਭੈਤਾ ਹੀ ਆਖੀ ਜਾਏਗੀ।

ਮਲੇਰਕੋਟਲੇ ਦੇ ਖੂਨੀ ਸਾਕੇ ਨੇ ਤਾਂ ਇਤਿਹਾਸ ਦੀ ਘਾੜਤ ਵਿਚ ਬਹੁਤ ਵੱਡਾ ਹਿੱਸਾ ਪਾਇਆ, ਬਲਕਿ ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ਮਲੇਰਕੋਟਲੇ ਦੇ ਸ਼ਹੀਦਾਂ ਨੇ ਆਪਣੇ ਖੂਨ ਨਾਲ, ਚਿਥੜੇ ਚਿਥੜੇ ਤੋਪਾਂ ਸਾਹਮਣੇ ਉਡ ਕੇ ਇਤਿਹਾਸ ਦੀ ਸਿਰਜਣਾ ਵਿਚ ਮੁਖ ਭੂਮਿਕਾ ਅਦਾ ਕੀਤੀ। ਅੱਜ ਉਹਨਾਂ ਨੂੰ ਤੋਪਾਂ ਨਾਲ ਉਡਾਉਣ ਵਾਲੇ ਚਲੇ ਗਏ, ਤੋਪਾਂ ਨਾਲ ਉਡ ਜਾਣ ਦਾ ਤਮਾਸ਼ਾ ਵੇਖਣ ਵਾਲੇ ਚਲੇ ਗਏ ਪਰ ਮਲੇਰਕੋਟਲੇ ਦੀ ਬੰਜਰ ਜ਼ਮੀਨ ਤੇ ਨਿਰਭੈਤਾ ਨਾਲ ਪੁਰਜਾ ਪੁਰਜਾ ਉਡਾਉਣ ਵਾਲੇ ਅੱਜ ਵੀ ਜਿਉਂਦੇ ਹਨ ਅਤੇ ਪ੍ਰੇਰਣਾ ਦਿੰਦੇ ਹਨ।

ਜਦ ਅੰਗਰੇਜ਼ ਸਰਕਾਰ ਬੰਗਾਲ ਦੇ ਖੁਦੀਰਾਮ ਬੋਸ ਨੂੰ ਫਾਂਸੀ ਦੀ ਸਜ਼ਾ ਦਿੱਤੀ ਤਾਂ ਉਸ ਦੇ ਅੰਤਮ ਸਸਕਾਰ ਤੋਂ ਬਾਅਦ ਉਸ ਦੀ ਰਾਖ ਦੀ ਇਕ ਵੱਡੀ ਚੁਟਕੀ ਲੋਕੀਂ ਮਸਤਕ ਨੂੰ ਲਾਉਂਦੇ ਘਰ ਲੈ ਗਏ ਤੇ ਤਾਬੀਜ਼ ਬਣਾ ਕੇ ਆਪਣੇ ਬੱਚਿਆਂ ਨੂੰ ਬੰਨ੍ਹੇ ਅਤੇ ਖੁਦੀਰਾਮ ਬੋਸ ਵਰਗੇ ਹੋਣ ਦੀ ਕਾਮਨਾ ਕੀਤੀ। ਇਹ ਘਟਨਾ ਮਲੇਰਕੋਟਲੇ ਦੀ ਘਟਨਾ ਤੋਂ 50 ਸਾਲ ਬਾਅਦ ਦੀ ਹੈ।

ਮਲੇਰਕੋਟਲੇ ਦਾ ਖੂਨੀ ਸਾਕਾ ਅੰਗਰੇਜ਼ੀ ਹੈਵਾਨੀਅਤ ਦੀ ਇਕ ਅਜੀਬੋ ਗਰੀਬ ਘਟਨਾ ਹੈ। ਅੰਗਰੇਜ਼ੀ ਆਤੰਕ ਦੀ ਇਤਨੀ ਕਰੂਰ ਘਟਨਾ ਹੈ, ਜਿਸ ਵਿਚ ਅੰਗਰੇਜ਼ੀ ਅਧਿਕਾਰੀਆਂ ਨੇ ਸਾਰੇ ਕਾਇਦੇ ਕਾਨੂੰਨਾਂ ਨੂੰ ਜੇਬ ਵਿਚ ਪਾ ਲਿਆ ਜਾਂ ਜੁੱਤੀ ਦੀ ਨੋਕ ਤੇ ਸਮਝਿਆ ਅਤੇ ਮਨਮਰਜ਼ੀ ਨਾਲ ਸਜਾ ਸੁਣਾਈ ਗਏ। ਅੰਗਰੇਜ਼ੀ ਸਰਕਾਰ ਨਾਲ ਉਸਦੀ ਟੁੱਕੜਬੋਚ ਦੇਸੀ ਰਿਆਸਤਾਂ ਨੇ ਵੀ ਸਾਥ ਦਿੱਤਾ। ਦੇਸੀ ਰਿਆਸਤਾਂ ਦੇ ਰਾਜਿਆਂ ਤੋਂ ਤੋਪਾਂ ਮੰਗਵਾਈਆਂ ਗਈਆਂ, ਊਠਖਾਨੇ ਤੇ ਤੋਪਖਾਨਾ ਮੰਗਵਾਇਆ ਗਿਆ। ਮਲੇਰਕੋਟਲੇ ਦੀ ਬੰਜਰ ਜ਼ਮੀਨ ਤੇ ਨਿਰਭੈਤਾ ਦੀਆਂ ਮੂਰਤਾਂ ਨਾਮਧਾਰੀ ਵੀਰ ਬੈਠੇ ਢੋਲਕੀ ਛੈਣਿਆਂ ਨਾਲ ਵਤਨਪ੍ਰਸਤੀ ਦੀ ਅਜ਼ਾਦ ਖਿਆਲੀ ਨੂੰ ਦਰਸਾ ਰਹੇ ਸਨ। ਉਹਨਾਂ ਦੇ ਚਿਹਰੇ ਤੇ ਕੋਈ ਸ਼ਿਕਨ ਨਹੀਂ, ਕੋਈ ਡਰ ਨਹੀਂ। ਮੌਤ ਸਾਹਮਣੇ ਖੜ੍ਹੀ ਵਿਖਾਈ ਦੇ ਰਹੀ ਸੀ ਪਰ ਨਿਰਭੈਤਾ ਦੀ ਭਾਵਨਾ ਨੂੰ ਦਰਸਾਉਂਦੇ ਹੋਏ- **ਮੋਹਿ ਮਰਨੇ ਕਾ ਚਾਉ ਹੈ**- ਨੂੰ ਸੱਚ ਕਰਨ ਦਾ ਅਜੀਬ ਚਾਅ ਸੀ।

ਇਹਨਾਂ ਵੀਰਾਂ ਨੂੰ ਇਹ ਪਤਾ ਸੀ ਕਿ ਸੌ ਸਾਲ ਦੀ ਗੁਲਾਮੀ ਦੇ ਬੱਦਤਰ ਜਿਉਣ ਤੋਂ ਕੁਝ ਦਿਨਾਂ ਦੀ ਅਜ਼ਾਦ ਖਿਆਲੀ ਚੰਗੀ ਹੈ। ਆਪਣੇ ਨਿਯਮਾਂ ਅਤੇ ਸਿਧਾਂਤਾਂ ਲਈ ਮਰਨਾ ਚੰਗਾ ਹੈ। ਆਪਣੀ ਅਜ਼ਾਦ ਖਿਆਲੀ ਨੂੰ ਕਾਇਮ ਰੱਖਣ ਲਈ ਕੁਰਬਾਨ ਹੋਣਾ ਕੋਈ ਵੱਡੀ ਗੱਲ ਨਹੀਂ ਸੀ। ਇਹ ਤੇ ਮਾਮੂਲੀ ਘਰਾਂ ਦੇ ਉਹ ਮਹਾਨ ਸਪੂਤ ਸਨ ਜਿਹਨਾਂ ਦੇ ਦਿਲਾਂ ਵਿਚ ਦੇਸ਼ ਭਗਤੀ ਦੀ ਜਬਰਦਸਤ ਭਾਵਨਾ ਦੀ ਅੱਗ ਬਲ ਰਹੀ ਸੀ। ਉਹਨਾਂ ਦਾ ਟੀਚਾ ਬਹੁਤ ਉਚਾ ਤੇ ਸੁੱਚਾ ਸੀ।

ਮਲੇਰਕੋਟਲੇ ਦੇ ਰੱਕੜ ਵਿਚ ਉਹਨਾਂ ਨੂੰ ਨਾ ਤਾਂ ਤੋਪਾਂ ਦੀ ਪਰਵਾਹ ਸੀ ਅਤੇ ਨਾ ਹੀ ਤੋਪਖਾਨੇ ਦੀ, ਨਾ ਮਾਘ ਦੀ ਲੱਕ ਤੋੜਵੀਂ ਠੰਡ ਦੀ ਪਰਵਾਹ ਸੀ ਅਤੇ ਨਾ ਹੀ ਉਪਰੋਂ ਹੋ ਰਹੀ ਬੂੰਦਾਬਾਂਦੀ ਦੀ ਪਰਵਾਹ ਸੀ। ਪਰ ਇਹਨਾਂ ਸਿੱਖਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੱਚੇ ਤੇ ਸੁੱਚੇ ਆਦਰਸ਼ਾਂ ਦੀ ਸ਼ਮਾਂ ਨੂੰ ਆਪਣਾ ਖੂਨ ਦੇ ਕੇ ਰੌਸ਼ਨ ਕੀਤਾ। ਭਾਰਤ ਦੇ ਮਸ਼ਹੂਰ ਹਿੰਦੀ ਕਵੀ ਰਾਮਧਾਰੀ ਸਿੰਘ ਦਿਨਕਰ ਨੇ ਲਿਖਿਆ ਹੈ-

*ਕਲਮ ਆਜ ਉਨ ਕੀ ਜੈ ਬੋਲ।*
*ਜੋ ਚੜ੍ਹ ਗਏ ਪੁਨ ਵੇਦੀ ਪਰ।*
*ਲੀਏ ਬਿਨਾਂ ਗਰਦਨ ਕਾ ਮੋਲ।*

■

# ਪ੍ਰਦੇਸ ਗਵਨ ਸਮੇਂ....(ਬਾਕੀ ਸਫਾ 1 ਦੀ)

**ਵਾਪਸ ਔਣ ਦੀ ਤਾਗੀਦ–**

ਵੈਸੇ ਸਭ ਸੰਗਤ ਵਿਸ਼ਵਾਸ ਰੱਖੇ ਕਿ ਸਮੇਂ ਅਨੁਸਾਰ ਮੈਂ ਫਿਰ ਪੰਜਾਬ ਦੇਸ ਵਿਚ ਆਵਾਂਗਾ, ਜ਼ਰੂਰ ਆਵਾਂਗਾ!! ਜ਼ਰੂਰ ਆਵਾਂਗਾ!!! ਭਾਵੇਂ ਤੁਹਾਨੂੰ ਕੋਈ ਕੁਝ ਵੀ ਆਖੇ ਮੈਂ (ਸਤਿਗੁਰੂ) ਰਾਮ ਸਿੰਘ ਨੂੰ ਹੱਥੀਂ ਲਾਂਬੂ ਲਾ ਕੇ ਆਇਆ ਹਾਂ, ਤੁਸੀਂ ਵਿਸ਼ਵਾਸ ਨਹੀਂ ਕਰਨਾ।

**ਸ੍ਰੀ ਸਤਿਗੁਰੂ ਰਾਮ ਸਿੰਘ ਸੂਬਿਆਂ, ਸੇਵਕਾਂ ਸਮੇਤ ਜਲਾਵਤਨ–**

ਇਤਆਦਿਕ ਬਚਨ ਕਰਕੇ ਸ੍ਰੀ ਗੁਰੂ ਨਾਨਕ ਰਾਜ ਦੇ ਬਾਰ੍ਹਵੇਂ ਤਖਤ ਨਸ਼ੀਨ ਸਤਿਗੁਰੂ ਰਾਮ ਸਿੰਘ ਜੀ ਭਾਈ ਨਾਨੂੰ ਸਿੰਘ ਗੜਵਈ, ਸੂਬਾ ਸਾਹਿਬ ਸਿੰਘ, ਸੂਬਾ ਬਾਬਾ ਜਵਾਹਰ ਸਿੰਘ ਸਮੇਤ ਗੱਡੇ ਉਤੇ ਸਵਾਰ ਹੋ ਕੇ ਢਲਦੀ ਰਾਤ 5 ਤੇ 6 ਮਾਘ ਦੀ ਰਾਤ ਨੂੰ ਲੁਧਿਆਣੇ ਪਹੁੰਚ ਗਏ। ਜਿਹਾ ਕਿ :

*ਤੁਰ ਗਿਆ ਪ੍ਰਦੇਸ ਸਤਿਗੁਰੂ*<br>
*ਕੰਬਲੀ ਸੀਸ ਸਜਾਕੇ।*<br>
*ਰੋਂਦੀ ਰਹਿ ਗਈ ਸੰਗਤ ਸਾਰੀ*<br>
*ਬ੍ਰਿਹੋਂ ਟਕਾਰੀ ਖਾ ਕੇ।*<br>
*ਭ੍ਰਾਤਾ ਬੁਧ ਸਿੰਘ ਬੇਸੁੱਧ ਹੋਇਆ*<br>
*ਪਿਤਾ ਜੀ ਹੋਏ ਵੈਰਾਗੀ।*<br>
*ਦਿਸੇ ਨਾ ਕੋਈ 'ਆਤਮਾ' ਐਸਾ*<br>
*ਦੇਵੇ ਧੀਰਜ ਆ ਕੇ।*

ਉਥੇ ਫੋਰਸਿਥ ਕਮਿਸ਼ਨਰ ਜੋ ਆਪਣੀ ਕੋਠੀ ਵਿਚ ਬੈਠਾ ਸੱਚੇ ਪਾਤਸ਼ਾਹ ਦਾ ਇੰਤਜਾਰ ਕਰ ਰਿਹਾ ਸੀ, ਸਤਿਗੁਰੂ ਜੀ ਨੂੰ ਬੜੇ ਅਦਬ ਨਾਲ ਮਿਲਿਆ ਤੇ ਕੋਈ ਦੋ ਘੰਟੇ ਲਗਾਤਾਰ ਪੁੱਛਕੇ ਲੁਧਿਆਣੇ ਤੋਂ ਇਲਾਹਾਬਾਦ (ਪਰਾਗ ਰਾਜ) ਵਾਸਤੇ ਤਿਆਰੀ ਕੀਤੀ। ਰੇਲ ਵਿਚ ਬਿਠਾਲ ਦਿੱਤਾ ਤੇ ਏਸ ਤਰ੍ਹਾਂ ਦੂਜੇ ਦਿਨ ਸੂਬਾ ਰੂੜ ਸਿੰਘ, ਸੂਬਾ ਲੱਖਾ ਸਿੰਘ, ਸੂਬਾ ਕਾਹਨ ਸਿੰਘ, ਸੂਬਾ ਬ੍ਰਹਮਾ ਸਿੰਘ, ਸੂਬਾ ਮਲੂਕ ਸਿੰਘ, ਸੂਬਾ ਮਾਨ ਸਿੰਘ, ਸੂਬਾ ਹੁਕਮ ਸਿੰਘ, ਸੂਬਾ ਪਹਾੜਾ ਸਿੰਘ, ਸੂਬਾ ਮੰਗਲ ਸਿੰਘ ਨੂੰ ਸਾਹਨੇਵਾਲ ਤੋਂ ਇਲਾਹਾਬਾਦ ਭੇਜ ਦਿੱਤਾ ਗਿਆ ਅਤੇ ਸ੍ਰੀ ਭੈਣੀ ਸਾਹਿਬ ਨੂੰ ਚਾਰ ਚੁਫੇਰਿਓਂ ਘੇਰੇ ਵਿਚ ਲੈ ਲਿਆ ਗਿਆ ਅਤੇ ਚੱਪਾ ਚੱਪਾ ਥਾਂ ਦੀ ਤਲਾਸ਼ੀ ਸਰਕਾਰ ਵਲੋਂ ਕਰਵਾਈ ਗਈ।

ਸਗੋਂ ਡੇਰੇ ਦੇ ਸਾਰੇ ਸੇਵਕਾਂ ਲਾਂਗਰੀਆਂ ਅਤੇ ਬੀਬੀਆਂ ਬੱਚਿਆਂ ਨੂੰ ਵੀ ਇਕ ਵਾਰੀ ਡੇਰੇ ਵਿਚੋਂ ਬਾਹਰ ਕੱਢ ਕੇ ਪੈਦਲ ਹੀ ਲੁਧਿਆਣੇ ਭੇਜ ਦਿੱਤਾ ਗਿਆ। ਭਾਵੇਂ ਸੰਮਤ 1928 ਦਾ ਸਾਰਾ ਸਾਲ ਹੀ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਨਾਮਧਾਰੀਆਂ ਵਾਸਤੇ ਬੜਾ ਕਰੜਾਈਆਂ ਤੇ ਕਠਿਨਾਈਆਂ ਅਥਵਾ ਅੰਗ੍ਰੇਜ਼ੀ ਸਰਕਾਰ ਦੀਆਂ ਬਗਾਵਤੀ ਰਿਪੋਰਟਾਂ ਵਾਲਾ ਸੀ, ਪਰ 6 ਮਾਘ ਸੰਮਤ 1928 ਤੋਂ ਬਾਦ ਇਹ ਸਾਲ ਉਸ ਵਕਤ ਹੋਰ ਵੀ ਦੁਖਦਾਈ ਬਣ ਗਿਆ, ਜਦੋਂ ਮਲੇਰਕੋਟਲੇ ਦੇ ਸਾਕੇ ਤੋਂ ਪਿਛੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਤੋਂ ਪੰਜਾਬ ਵਿਚੋਂ ਬਿਨਾਂ ਕਿਸੇ ਕਾਨੂੰਨੀ ਪਕੜ ਤੋਂ ਵਿਦੇਸ਼ ਵੱਲ ਤੋਰ ਦਿੱਤਾ ਅਤੇ ਸ੍ਰੀ ਭੈਣੀ ਸਾਹਿਬ ਵਿਚ (ਬਿਨਾਂ ਕਿਸੇ ਕਾਨੂੰਨੀ ਹਰਕਤ ਦੇ) ਲੰਗਰ ਦੇ ਸਾਹਵੇਂ ਪੁਲਿਸ ਦੀ ਇਕ ਨਿਗਰਾਨ ਚੌਕੀ ਪੱਕੇ ਤੌਰ ਉਤੇ ਬਿਠਾਲ ਦਿੱਤੀ ਗਈ। ਜਿਸਦੇ ਕਾਰਨ ਨਾਮਧਾਰੀ ਸਾਧ ਸੰਗਤ ਨੂੰ ਇਕ ਕਿਸਮ ਦਾ ਆਪਣੇ ਕੇਂਦਰ ਤੋਂ ਵੀ ਵਖ ਕਰਨ ਦਾ ਯਤਨ ਕੀਤਾ ਗਿਆ।

## ਜੋ ਜੋ ਘਾਲ ਘਾਲੀ ਨਾਮਧਾਰੀਆਂ ਨੇ

**ਹਰਭਜਨ ਸਿੰਘ ਰਤਨ**

*ਤੋਪਾਂ ਗੱਡੀਆਂ ਗਈਆਂ ਮੈਦਾਨ ਅੰਦਰ, ਹੋਈਆਂ ਕੱਠੀਆਂ ਖਲਕਤਾਂ ਸਾਰੀਆਂ ਨੇ।*<br>
*ਓਧਰ ਸੂਰਮੇ ਛਾਤੀਆਂ ਠੋਕ ਨਿਕਲੇ, ਚੜ੍ਹੀਆਂ ਜਿਨ੍ਹਾਂ ਨੂੰ ਨਾਮ ਖੁਮਾਰੀਆਂ ਨੇ।*<br>
*ਏਧਰ ਤੋਪਾਂ ਨੂੰ ਮਾਣ ਬਾਰੂਦ ਦਾ ਸੀ, ਓਧਰ ਮਾਲਾ ਦੀਆਂ ਸ਼ਕਤੀਆਂ ਭਾਰੀਆਂ ਨੇ।*<br>
*ਏਧਰ ਗਊ ਭਖਸ਼ਕ ਓਧਰ ਗਊ ਰਖਸ਼ਕ, ਜਿਨ੍ਹਾਂ ਅਣਖ ਖਾਤਰ ਤੇਗਾਂ ਮਾਰੀਆਂ ਨੇ।*<br>
*ਏਧਰ ਭਾੜੇ ਦੇ ਟੱਟੂ, ਤੇ ਓਧਰ ਭੰਭਟ, ਜਿਨ੍ਹਾਂ ਜਾਨਾਂ ਨਾ ਕੀਤੀਆਂ ਪਿਆਰੀਆਂ ਨੇ।*<br>
*ਏਧਰ ਫੌਜਾਂ ਜੋ ਕਦੀ ਵੀ ਜਿਤੀਆਂ ਨਹੀਂ, ਓਧਰ ਫੌਜਾਂ ਜੋ ਕਦੇ ਨਾ ਹਾਰੀਆਂ ਨੇ।*<br>
*ਚੀਨੀ ਵਾਲਾ ਸਤਿਗੁਰ ਏਧਰ ਪਿੱਠ ਉਤੇ, ਜਿਸਨੇ ਬਖਸ਼ੀਆਂ ਉਚ ਉਡਾਰੀਆਂ ਨੇ।*<br>
*ਮੁਲ ਪਵੇਗਾ ਕਦੇ ਇਤਿਹਾਸ ਅੰਦਰ, ਜੋ ਜੋ ਘਾਲ ਘਾਲੀ ਨਾਮਧਾਰੀਆਂ ਨੇ।*<br>
*ਪੜ੍ਹਕੇ ਚੰਡੀ, ਉਹ ਚੰਡੀ ਦਾ ਰੂਪ ਹੋ ਗਏ, ਨਿਕਲ ਗਿਆ ਭੈ ਮੌਤ ਦਾ ਰੂਹ ਵਿਚੋਂ।*<br>
*ਦੁਨੀਆਂ ਵੇਖ ਕੁਰਬਾਨੀਆਂ 'ਰਤਨ' ਬੋਲੀ, ਜੰਮੀ ਬੀਰਤਾ ਭੈਣੀ ਦੀ ਜੂਹ ਵਿਚੋਂ।*

# ਸਤਿਗੁਰੂ ਹਰੀ ਸਿੰਘ ਜੀ ਨੂੰ ਉਪਦੇਸ਼.(ਬਾਕੀ ਸਫਾ 2 ਦੀ)

ਲਈ (ਲਾਟ ਸਾਹਿਬ ਤੋਂ) ਸਾਫ ਹੁਕਮ ਮੰਗਿਆ, ਪਰ ਸਫਲਤਾ ਨਾ ਹੋਈ। ਇਸ ਲਈ ਉਸਦੇ ਬਿਨਾਂ ਹੀ ਤੁਰਨ ਲਈ ਮਜ਼ਬੂਰ ਹੋ ਗਿਆ। ਮੈਨੂੰ ਆਪਣੇ ਛੇਕੜਲੇ ਸ਼ਬਦ ਚੰਗੀ ਤਰ੍ਹਾਂ ਯਾਦ ਹਨ? ਜੋ ਇਹ ਸਨ– "ਤਾਂ ਮੈਂ ਆਪਣੇ ਫੈਸਲੇ ਅਨੁਸਾਰ ਕਰਾਵਾਈ ਕਰਾਂਗਾ। ਅਤੇ ਆਪਣੇ ਆਪ ਨੂੰ ਮੇਰੀ ਪੁਸ਼ਟੀ ਕਰਨੀ ਪਵੇਗੀ।" ਇਸ ਤੋਂ ਪਿਛੋਂ ਮਲੌਦ ਤੇ ਮਲੇਰਕੋਟਲੇ ਸੰਬੰਧੀ ਵਹਿਸ਼ਯਾਨਾ ਕਾਰਵਾਈ ਦਾ ਜ਼ਿਕਰ ਕਰਦਾ ਹੋਇਆ ਫਾਰਸਿਥ ਲਿਖਦਾ ਹੈ–

"ਮੇਰਾ ਦੂਸਰਾ ਕਦਮ (ਸਤਿਗੁਰੂ) ਰਾਮ ਸਿੰਘ ਨੂੰ ਗ੍ਰਿਫਤਾਰ ਕਰਨਾ ਸੀ। ਇਹ ਕੰਮ ਬਹੁਤ ਹੁਸ਼ਿਆਰੀ ਨਾਲ ਕਰਨ ਵਾਲਾ ਸੀ। ਮੈਂ ਉਸਨੂੰ ਰਾਤ ਦੇ ਸਮੇਂ ਆਪਣੇ ਪਾਸ ਸੱਦ ਭੇਜਿਆ ਅਤੇ ਹੁਕਮ ਕਰ ਛਡਿਆ ਕਿ ਇਕ ਸਪੈਸ਼ਲ ਗੱਡੀ ਬਿਲਕੁਲ ਤਿਆਰ ਰੱਖੀ ਜਾਏ। ਮੈਂ ਬਾਹਰਵਾਰ ਇਕ ਗਾਰਦ ਵੀ ਲੁਕਾ ਕੇ ਰਖੀ ਹੋਈ ਸੀ। ਮੈਂ (ਸਤਿਗੁਰੂ) ਰਾਮ ਸਿੰਘ (ਜੀ) ਨੂੰ (ਲੁਧਿਯਾਨੇ) ਪੁਜਦਿਆਂ ਸਾਰ ਉਸ (ਗਾਰਦ) ਦੇ ਹਵਾਲੇ ਕੀਤਾ ਅਤੇ ਉਸਨੂੰ ਰੇਲ ਵਿਚ ਬਿਠਾ ਕੇ ਦਿੱਲੀ ਵਲ ਰਵਾਨਾ ਕਰ ਦਿੱਤਾ। ਮੈਂ ਜੋ ਕੁਝ ਕੀਤਾ ਉਹ ਲਾਟ ਸਾਹਿਬ ਨੂੰ ਤਾਰ ਰਾਹੀਂ ਦੱਸ ਦਿੱਤਾ। ਉਸਨੇ ਮੇਰੇ ਕੰਮ ਦੀ ਤਸਦੀਕ ਕਰ ਦਿੱਤੀ।

**ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਤਿਜੁਗ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।**

# THE TIMES, LONDON

There has been a serious outbreak of Kookas near Loodiana. Some Punjab mutineers attacked the Malod Fort and killed two men and wounded a Sirdar. Troops were ordered promptly from Delhi. The native Chiefs rendered effective assistance. One hindered Kookas were killed and a large number made prisoners. Orders have been given to capture the chiefs. The outbreak is now considered to be completely suppressed. The Kookas are a Hindoo caste that recently attacked the Mahomedan butchers.

***- January 19, 1872, Page 5***<br>
***(By Indo-European Telegraph, via Teheran)***<br>
***-Calcutta January 18***

❑ ❑ ❑

Ram Singh and the other Kooka chiefs were arrested on Wednesday. Forty nine Kookas have been executed. The Government troops from Delhi were not engaged. The outbreak is reported to be suppressed.

***- January 20, 1872, Page 5***<br>
***(By Indo-European Telegraph, via Teheran)***<br>
***From our own correspondent.-Calcutta January 19, 12.47PM***

❑ ❑ ❑

Further information has been received which shows who is responsible for Kooka executions. After the complete suppression of the mutiny, Deputy Commissioner Cowan selected 50 men to be shot upon the scene of execution. One broke away, ran at Mr. Cowan and was cut down. The others were blown from guns on Deputy Commissioner Cowan's own responsibility. Mr. Forsyth, the Commissioner of Umbala, executed 16 more.

The whole band, which never numbered 300, has been literally hunted down, 66 men and two women, terrified, half finished and 29 of them wounded, submitted in the end to four men. The whole transaction occurred within 48 hours, and in the neighbourhood of our fine force of 15000 men of all arms at Delhi camp.

The Government has ordered an immediate enquiry. The public feeling, which at first was hesitating, is partially turning against the executions.

***- February 5, 1872, Page 5***<br>
***(By British Indian Cable via-Falmouth)***<br>
***From our own correspondent. Calcutta February 3***

## ਤੋਪਾਂ ਅੱਗੇ ਸ਼ਹੀਦੀਆਂ

**ਗੁਰਦੇਵ ਸਿੰਘ ਰਾਏ**

### (17, 18 ਜਨਵਰੀ 1872)

ਸੱਤ ਤੋਪਾਂ ਰੱਖ ਉਚੀਆਂ ਡੀ. ਸੀ. ਗਡਵਾਈਆਂ।<br>
ਦੋ ਰੱਖੀਆਂ ਹੋਰ ਫਾਲਤੂ ਰਿਜ਼ਰਵ ਕਰਾਈਆਂ।<br>
ਮੂੰਹ ਅੱਡੇ ਕਲ-ਜੋਗਣਾਂ ਲੋਹੂ ਤ੍ਰਿਹਾਈਆਂ।<br>
ਰੱਜੀਆਂ ਨਾਲ ਬਾਰੂਦ ਦੇ ਢਿਡੀਂ ਗਰਮਾਈਆਂ।<br>
ਖੜ੍ਹੀਆਂ ਲੈਣ ਉਬਾਸੀਆਂ ਚਾ ਨੀਝਾਂ ਲਾਈਆਂ।<br>
ਖਪਰ ਪੀਣੇ ਖੂਨ ਦੇ ਕਾਲੀ ਦੀਆਂ ਜਾਈਆਂ।<br>
ਤੇਜ ਸਿੰਘਾਂ ਦਾ ਵੇਖ ਕੇ ਆਪੂੰ ਸ਼ਰਮਾਈਆਂ।<br>
ਵਾਰੋ ਵਾਰੀ ਆਣਕੇ ਜਦ ਜੱਫੀਆਂ ਪਾਈਆਂ।<br>
ਧੰਨ ਧੰਨ ਹੋਈ ਅਰਸ਼ ਤੇ ਧੁੱਭ ਜੰਮਣ ਮਾਈਆਂ।

### ਸ਼ਹੀਦੀਆਂ

ਤੋਪਾਂ ਸਾਹਵੇਂ ਸੂਰਮੇ ਵਾਰੋ ਵਾਰ ਆਏ।<br>
ਡਾਇਣਾ ਲਏ ਡਕਾਰ ਜਾਂ ਗੋਲੇ ਬਰਸਾਏ।<br>
ਪੁਰਜ਼ਾ ਪੁਰਜ਼ਾ ਉੱਡ ਗਏ ਸ਼ੇਰਾਂ ਦੇ ਜਾਏ।<br>
ਚਾਰ ਚੁਫੇਰੇ ਸਹਿਮ ਦੇ ਸੀ ਬੱਦਲ ਛਾਏ।<br>
ਖਲਕਤ ਵੇਖੇ ਘਾਬਰੀ ਮੂੰਹ ਉਂਗਲਾਂ ਪਾਏ।<br>
ਤੋਪਾਂ ਨਾਲ ਪੈਂਹਠ ਸਿੰਘ ਉਥੇ ਗਏ ਉੜਾਏ।<br>
ਜ਼ੁਲਮ ਜ਼ਬਰ ਦੇ ਸੇਕ ਨੇ ਪੱਥਰ ਪਿਘਲਾਏ।<br>
ਹੋਏ ਸ਼ਹੀਦ ਅਜ਼ਾਦੀਆਂ ਦੇ ਦੀਪ ਜਗਾਏ।

### ਬਾਲਕ ਸ਼ਹੀਦ

ਇਕ ਸੂਰਮਾ ਬਿਸ਼ਨ ਸਿੰਘ ਸਿਰਲੱਥ ਸਿਰਦਾਰ।<br>
ਬਾਲਿਕ ਬਾਰਾਂ ਸਾਲ ਦਾ ਸਿਦਕੀ ਹੋਣਹਾਰ।<br>
ਆਖਿਆ ਕਾਵਨ ਉਸ ਨੂੰ ਇਉਂ ਗੱਲ ਉਚਾਰ।<br>
'ਕਹੋ ਗੁਰੂ ਦਾ ਸਿੱਖ ਨਹੀਂ' ਕਰਸਾਂ ਛੁਟਕਾਰ।<br>
ਬੋਲੀ ਲੱਗੀ ਸਿੰਘ ਨੂੰ ਜਿਉਂ ਤੇਜ਼ ਕਟਾਰ।<br>
ਲਾਲੀ ਚਿਹਰੇ ਭਖਦੀ ਜਿਉਂ ਕਰ ਅੰਗਿਆਰ।<br>
ਕਾਵਨ ਵਲ ਨੂੰ ਝਪਟਿਆ ਜਿਉਂ ਸ਼ੇਰਾਂ ਮਾਰ।<br>
ਦਾਹੜੀ ਖਿੱਚੀ ਪਕੜ ਕੇ ਮਾਰੀ ਝਟਕਾਰ।

### ਸ਼ਹੀਦੀ

ਫੜ ਲਊ ਮਾਰੇ ਮਚ ਗਈ ਬਹੁ ਹਾਲ ਦੁਹਾਈ।<br>
ਪਕੜ ਸੰਗੀਨਾਂ ਰਾਈਫਲਾਂ ਆਏ ਵਾਹੋ ਦਾਹੀ।<br>
ਡੀ. ਸੀ. ਤਾਈਂ ਖਿਚਿਆ ਫੱਟ ਜਾਨ ਬਚਾਈ।<br>
ਹਮਲਾ ਕੀਤਾ ਸ਼ੇਰ ਤੇ ਉਨ੍ਹਾਂ ਤੁਰਤ ਹਵਾਈ।<br>
ਰਫਲ ਸੰਗੀਨਾਂ ਮਾਰੀਆਂ ਤਲਵਾਰ ਚਲਾਈ।<br>
ਅੰਤ ਸ਼ਹਾਦਤ ਸ਼ੇਰ ਨੇ ਸੀ ਲੜਦਿਆਂ ਪਾਈ।

Days of Posting :
Thursday/Friday at IPMBC/1

RNI NO. 55658/93 Delhi Postal Regd. No. DL(W) 01/2055/12-14
License to Post Without Pre-Payment, U(C) - 169/2009-11



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਅੰਗਰੇਜ਼ ਹਕੂਮਤ ਵਿਰੁੱਧ ਅਜ਼ਾਦੀ ਦਾ ਬਿਗੁਲ ਵਜਾਉਣ ਕਾਰਨ ਸਰਕਾਰ ਬਹੁਤ ਡਰ ਗਈ ਸੀ, ਜਿਸ ਕਾਰਨ 17-18 ਜਨਵਰੀ 1872 ਦੀ ਵਿਚਕਾਰਲੀ ਰਾਤ ਨੂੰ ਜਲਾਵਤਨੀ ਦੇ ਸਰਕਾਰੀ ਹੁਕਮ ਅਨੁਸਾਰ ਆਪ ਜੀ ਸ੍ਰੀ ਭੈਣੀ ਸਾਹਿਬ ਤੋਂ ਰਵਾਨਗੀ ਸਮੇਂ ਗੱਡੇ ਤੇ ਸਵਾਰ ਹੋ ਕੇ ਕੁਝ ਸੂਬਿਆਂ ਸਹਿਤ ਲੁਧਿਆਣਾ ਲਈ ਜਾਂਦੇ ਹੋਏ।



ਸ੍ਰੀ ਭੈਣੀ ਸਾਹਿਬ ਤੋਂ ਰਵਾਨਗੀ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭਰਾ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਅਤੇ ਸਾਧ ਸੰਗਤ ਨੂੰ ਏਸੇ ਦੇਹ ਵਿੱਚ ਵਾਪਸ ਆਉਣ ਦਾ ਧਰਵਾਸ ਦੇਂਦੇ ਹੋਏ।




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਪ੍ਰਯਾਗਰਾਜ (ਅਲਾਹਾਬਾਦ) ਲਈ ਰੇਲ-ਗੱਡੀ ਤੇ ਸਵਾਰ ਹੋਣ ਦਾ ਦ੍ਰਿਸ਼।




ਅੰਗਰੇਜ਼ ਸਰਕਾਰ ਵਲੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣਾ, ਪ੍ਰਯਾਗਰਾਜ ਅਤੇ ਹਾਵੜਾ (ਕਲਕੱਤਾ) ਤੋਂ ਸਮੁੰਦਰੀ ਜਹਾਜ਼ ਰਾਹੀਂ ਰੰਗੂਨ (ਮਯਾਂਮਾਰ) ਭੇਜ ਦਿੱਤਾ ਗਿਆ।



ਮਲੇਰਕੋਟਲਾ ਦੇ ਰੱਕੜ ਵਿੱਚ ਨਾਮਧਾਰੀ ਸਿੰਘਾਂ ਨੇ ਹੱਸ-ਹੱਸ ਕੇ ਤੋਪ ਦੇ ਸਾਹਮਣੇ ਆ ਕਾ ਸ਼ਹੀਦੀਆਂ ਦਿੱਤੀਆਂ। ਮਧਰੇ ਕੱਦ ਦਾ ਵਰਿਆਮ ਸਿੰਘ ਪੈਰਾਂ ਥੱਲੇ ਢੀਮਾਂ ਰੱਖ ਕੇ ਆਪਣਾ ਕੱਦ ਤੋਪ ਦੇ ਹਾਣ ਦਾ ਕਰਦਾ ਹੋਇਆ।

ਸਤਿਜੁਗ ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ-੧੧੦੦੧੫
ਟੈਲੀਫੋਨ:25156625, 41425686 ਫੈਕਸ:011-41425686

Type setting by: CADCON
Designed by: ATTRACT GRAPHICS

ਇਕ ਪ੍ਰਤੀ : ਚਾਰ ਰੁਪਈਏ,
ਇਕ ਸਾਲ ਦੇਸ - 200 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ ਦੇਸ - 800 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 7.15 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.43 ਮਿੰਟ

Printed and Published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New Delhi-110015. Editor-Mr. Harvendra Singh Hanspal. Issue No. 47 of 12 January 2012
email : satjug@sribhainisahib.com, satjugweekly@gmail.com, satjugweekly@hotmail.com